# ਸਾਂਝੀ ਵਿਰਾਸਤ

ਜਿਲਦ 2 ਅੰਕ 24

2023

ਪੋਹ (ਦਸੰਬਰ)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Panjabi Language, Culture, History and Heritage**

Website: **sanjhivirasat.org**

## ਵਿਸ਼ਾ ਸੂਚੀ (ਦਸੰਬਰ – 2023)


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਵਿਆਖਿਆ ਬਾਰਹ ਮਾਹਾ ਤੁਖਾਰੀ ਮ: 1 | ਪ੍ਰੋਫ਼ੈਸਰ ਮਨਿੰਦਰ ਸਿੰਘ | 4 |
| 3. | ਵਿਆਖਿਆ ਬਾਰਹ ਮਾਹਾ ਮਾਂਝ ਮ: 5 | ਸਰਦਾਰ ਕਰਮਜੀਤ ਸਿੰਘ ਨੂਰ | 5 |
| 4. | ਕਥਾ ਵਿਆਖਿਆਨ | ਪ੍ਰੋਫ਼ੈਸਰ ਮਨਿੰਦਰ ਸਿੰਘ | 7 |
| 5. | ਫਕਰ ਅਤੇ ਫਕਰਨਾਮਾ | ਡਾ. ਕਾਬਲ ਸਿੰਘ | 9 |
| 6. | ਸਾਹਿਬਜ਼ਾਦਿਆਂ ਵਲੋਂ ਸੂਬੇ ਨੂੰ | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 12 |
| 7. | ਦਸਮੇਸ਼ ਜੀ (ਕਵਿਤਾ) | ਸਰਦਾਰ ਗੁਰਜੰਟ ਸਿੰਘ | 13 |
| 8. | ਝੋਕ ਛੰਦ – ਸਾਕਾ ਚਾਂਦਨੀ ਚੌਕ | ਸਰਦਾਰ ਜਸਵਿੰਦਰ ਸਿੰਘ ਰੂਪਾਲ | 14 |
| 9. | **ETHICS of LIFE** | **Power of Positivity** | 16 |
| 10. | A.I. ਅਤੇ ਪੰਜਾਬੀ ਸਭਿਅੱਤਾ – ਭਾਗ (3) | ਡਾ. ਦੇਵਿੰਦਰ ਪਾਲ ਸਿੰਘ | 17 |
| 11. | ਸਾਨੂੰ ਇੰਨ੍ਹਾਂ ਤੇ ਮਾਣ ਹੈ | ਸਾਂਝੀ ਵਿਰਾਸਤ | 19 |
| 12. | ਗੰਭੀਰ ਸਮੱਸਿਆ ਬਣਿਆ ਬਾਂਝਪਨ -(2) | ਡਾ. ਜੈ ਰੂਪ ਸਿੰਘ | 22 |
| 13. | ਅਦਰਕ ਦੇ ਗੁਣ | ਡਾ. ਹਰਸ਼ਿੰਦਰ ਕੌਰ | 25 |
| 14. | ਈ-ਦੀਵਾਨ ਕੈਲਗਰੀ ਵਲੋਂ ਕੀਰਤਨ ਦਰਬਾਰ | 18 ਨਵੰਬਰ 2023 | 27 |
| 15. | ਈ-ਦੀਵਾਨ ਕੈਲਗਰੀ ਵਲੋਂ ਕਵੀ ਦਰਬਾਰ | 25 ਨਵੰਬਰ 2023 | 29 |
| 16. | ਪੰਜਾਬੀ ਸ਼ਬਦਾਂ ਬਾਰੇ ਜਾਣਕਾਰੀ | ਸਕੂਲ ਸਿਖਿਆ ਵਿਭਾਗ (ਪੰਜਾਬ) | 31 |
| 17. | ਚਾਂਦਨੀ ਚੌਕ | ਪ੍ਰੋਫੈਸਰ ਮਨਿੰਦਰ ਸਿੰਘ | 32 |
| 18. | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਐਡੀਟੋਰੀਅਲ ਬੋਰਡ | 33 |
| 19. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਸਾਂਝੀ ਵਿਰਾਸਤ | 35 |
| 20. | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | ਸਾਂਝੀ ਵਿਰਾਸਤ | 36 |

## ਸੰਪਾਦਕੀ ਨੋਟ

ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਦਸੰਬਰ ਦੀ 14 ਤਾਰੀਖ ਤੋਂ ਪੋਹ ਦਾ ਮਹੀਨਾ ਸ਼ੁਰੂ ਹੁੰਦਾ ਹੈ। ਪਹਿਲੇ 8 ਪੋਹ (21 ਦਸੰਬਰ) ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੇ ਜੀਵਨ ਦਾ ਉਹ ਮਹਾਨ ਦਿਵਸ ਹੈ, ਜਿਸ ਦਿਨ ਉਹ ਚਮਕੌਰ ਸਾਹਿਬ ਦੀ ਜੰਗ ਵਿਚ ਬਹਾਦਰੀ ਨਾਲ ਲੜਦੇ ਹੋਏ ਸ਼ਹੀਦ ਹੋਏ ਸਨ। ਪੋਹ ਦੀ 13 ਤਾਰੀਖ (26 ਦਸੰਬਰ) ਦੇ ਦਿਨ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਜੀ ਨੂੰ ਸਰਹੰਦ ਦੀ ਕੰਧ ਵਿਚ ਚਿਨਵਾ ਦਿੱਤਾ ਗਿਆ ਸੀ। ਦੁਨੀਆਂ ਦੇ ਇਤਿਹਾਸ ਵਿਚ ਧਰਮ ਲਈ ਅਜਿਹੀਆਂ ਕੁਰਬਾਨੀਆਂ ਦੀ ਕੋਈ ਹੋਰ ਮਿਸਾਲ ਨਹੀਂ ਹੈ। ਦਸੰਬਰ ਮਹੀਨੇ ਵਿਚ ਹੀ ਈਸਾਈ ਲੋਕ ਕ੍ਰਿਸਮਸ ਦਾ ਦਿਨ ਮਨਾਉਂਦੇ ਹਨ ਜਿਸ ਦਿਨ ਈਸਾ ਮਸੀਹ ਦਾ ਜਨਮ ਹੋਇਆ ਸੀ।

ਦਸੰਬਰ ਦੇ ਇਸ ਅੰਕ ਨਾਲ "ਸਾਂਝੀ ਵਿਰਾਸਤ" ਮੈਗਜ਼ੀਨ ਨੂੰ ਛਪਦਿਆਂ ਦੋ ਸਾਲ ਪੂਰੇ ਹੋ ਗਏ ਹਨ। ਇਸ ਲਈ ਪਾਠਕਾਂ, ਲੇਖਕਾਂ, ਸਲਾਹਕਾਰਾਂ ਅਤੇ ਸੰਪਾਦਕੀ ਬੋਰਡ ਮੈਂਬਰਾਂ ਦੇ ਸਹਿਯੋਗ ਲਈ ਬਹੁਤ ਧੰਨਵਾਦ ਹੈ। ਤਕਨੀਕੀ ਸੰਪਾਦਕ ਡਾ. ਰਾਜਬੀਰ ਸਿੰਘ ਭੱਟੀ ਦੇ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਹੈ। ਹਮੇਸ਼ਾਂ ਦੀ ਤਰ੍ਹਾਂ ਕੁਝ ਸਿਰਕੱਢ ਸ਼ਖਸੀਅਤਾਂ ਦੀਆਂ ਰਚਨਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਨਿਜੀ ਅਤੇ ਸਮਾਜਿਕ ਜੀਵਨ ਵਿਚ ਗੁਰਬਾਣੀ ਤੋਂ ਸੇਧਾਂ ਪ੍ਰਾਪਤ ਕਰਨ ਬਾਰੇ ਕੁਝ ਵਿਦਵਾਨਾਂ ਦੇ ਲੇਖ ਵੀ ਸ਼ਾਮਲ ਕੀਤੇ ਗਏ ਹਨ।

ਜੋ ਲੇਖਕ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ ਜਾਂ ਵਿਰਾਸਤ ਬਾਰੇ ਮੌਲਿਕ ਰਚਨਾਵਾਂ (ਲੇਖ, ਮਿੰਨੀ ਕਹਾਣੀ, ਆਪ-ਬੀਤੀ ਜਾਂ ਕਵਿਤਾ) ਭੇਜਣਾ ਚਾਹੁੰਦੇ ਹਨ ਉਹ 10 ਤਾਰੀਖ ਤਕ ਭੇਜ ਦਿਆ ਕਰਣ। ਕਿਸੇ ਧਰਮ, ਸੰਸਥਾ ਜਾਂ ਪਾਰਟੀ ਵਿਰੁੱਧ ਜਾਂ ਕਿਸੇ ਵਿਵਾਦਤ ਰਾਜਨੀਤਿਕ ਵਿਅਕਤੀ ਬਾਰੇ ਲੇਖ ਨਹੀਂ ਛਾਪੇ ਜਾਣਗੇ।

ਇਕਸਾਰਤਾ ਲਈ ਜ਼ਰੂਰੀ ਜਾਣਕਾਰੀ ਹਰ ਅੰਕ ਦੇ ਅੰਤ ਵਿਚ ਦਿੱਤੀ ਹੈ ਅਤੇ ਇਸ ਦੇ ਵੈਬਸਾਈਟ (**sanjhivirasat.org**) ਤੇ ਵੀ ਹੈ। ਜੇ ਹੋ ਸਕੇ ਤਾਂ ਪੰਜਾਬੀ ਰਚਨਾਵਾਂ "ਅਨਮੋਲ ਲਿਪੀ" ਵਿਚ ਹੀ ਭੇਜੀਆਂ ਜਾਣ। ਅੰਗਰੇਜ਼ੀ ਵਿਚ ਲਿਖੀਆਂ ਰਚਨਾਵਾਂ ਵੀ ਛਾਪੀਆਂ ਜਾਂਦੀਆਂ ਹਨ।

ਮੌਲਿਕ ਰਚਨਾਵਾਂ (14 ਫ਼ੌਂਟ ਵਿਚ) ਵੱਧ ਤੋਂ ਵੱਧ ਦੋ ਪਨਿੰਆਂ (ਕੁਲ 800 ਸ਼ਬਦਾਂ) ਤਕ ਹੀ ਰੱਖੀਆਂ ਜਾਣ। ਲੰਬੇ ਲੇਖ ਇਸ ਵੈਬਸਾਈਟ ਦੇ 'ਬਲਾਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ। ਲੇਖਕ ਆਪਣੀ ਫੋਟੋ (ਜੇ ਚਾਹੁਣ ਤਾਂ), ਆਪਣੇ ਸ਼ਹਿਰ ਤੇ ਦੇਸ ਦੇ ਨਾਂ, ਈ-ਮੇਲ, ਵੱਟਸਐਪ ਜਾਂ ਫੋਨ ਨੰਬਰ ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਵੀ ਭੇਜ ਦੇਣ। ਪਾਠਕਾਂ ਅਤੇ ਲੇਖਕਾਂ ਦੇ ਸੁਝਾਵਾਂ ਤੇ ਵਿਚਾਰ ਜ਼ਰੂਰ ਕੀਤਾ ਜਾਵੇਗਾ। ਧੰਨਵਾਦ।

ਡਾ. ਸੁਰਜੀਤ ਸਿੰਘ ਭੱਟੀ, ਮੁੱਖ ਸੰਪਾਦਕ
**sanjhivirasat13@gmail.com**

**surjitsinghhatti1943@mail.com**

## ਪੋਹ ਦੇ ਮਹੀਨੇ ਦਾ ਪਾਠ ਅਤੇ ਵਿਆਖਿਆ

### ਬਾਰਹ ਮਾਹਾ ਤੁਖਾਰੀ ਛੰਤ ਮਹਲਾ 1

### ੴ ਸਤਿਗੁਰ ਪ੍ਰਸਾਦਿ॥

ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ ॥
ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ ॥
ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ ॥
ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥
ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ ॥
ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ ॥14॥

### ਵਿਆਖਿਆ

ਮੱਘਰ ਤੇ ਪੋਹ ਦੇ ਮਹੀਨੇ ਠੰਡੀ ਰੁਤਿ ਵਿਚ ਆਉਂਦੇ ਹਨ । ਪੋਹ ਦੇ ਮਹੀਨੇ ਵਿਚ ਅਤਿ ਦੀ ਸਰਦੀ ਤੇ ਬਰਫ਼ ਪੈਂਦੀ ਹੈ ਜਿਸ ਨਾਲ ਬਨਸਪਤੀ ਦੇ ਬ੍ਰਿਛ ਬੂਟੇ ਮੁਰਝਾ ਜਾਂਦੇ ਹਨ ।ਇਸੇ ਤਰ੍ਹਾਂ ਜਦੋਂ ਵਾਹਿਗੁਰੂ ਦਾ ਸਿਮਰਨ ਭੁਲ ਜਾਵੈ ਤਾਂ ਮਨੁੱਖ ਦਾ ਜੀਵਨ ਵੀ ਬੇਰਸ ਹੋ ਜਾਂਦਾ ਹੈ। ਉਸ ਵਿਚ ਵੀ ਕਠੋਰਤਾ ਦੀ ਠੰਡ ਵਿਆਪ ਜਾਂਦੀ ਹੈ । ਉਸਦੇ ਮਨ ਤੇ ਤਨ ਵਿਚ ਪ੍ਰਮੇਸ਼ਰ ਦੀ ਯਾਦ ਦਾ ਨਿੱਘ ਨਹੀ ਰਹਿੰਦਾ ਤੇ ਰੁੱਖੇਪਨ ਦਾ ਪਾਲਾ ਆ ਜਾਂਦਾ ਹੈ। ਪਰ ਜਦੋਂ ਵੀ ਮਨੁੱਖ ਗੁਰਬਾਣੀ ਦਾ ਰਸ ਮਾਣਦਾ ਹੈ ਤਾਂ ਉਹ ਵਿਚ ਨਿੱਘਾਪਨ ਆ ਜਾਂਦਾ ਹੈ। ਫ਼ਿਰ ਉਸ ਅੰਡਿਆਂ ਤੋਂ, ਮਾਂ ਦੇ ਗਰਭ ਤੋਂ, ਸੀਲਨ ਅਤੇ ਧਰਤੀ ਵਿਚੋਂ ਉੱਗਣ ਵਾਲੇ ਜੀਵਾਂ ਵਿਚ ਰੱਬ ਦੀ ਜੋਤਿ ਦੇਖਦਾ ਹੈ।



ਪ੍ਰੋਫ਼ੈਸਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)

ਬਾਰਹ ਮਾਹਾ ਮਾਂਝ ਮਹਲਾ 5 ਘਰ 4 ਵਿੱਚੋਂ
ਪੋਹ ਮਹੀਨੇ ਦਾ ਪਾਠ
ੴ ਸਤਿਗੁਰ ਪ੍ਰਸਾਦਿ

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥
ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥
ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥
ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥
ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥
ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥
ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥
ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥
ਪੋਖੁ ਸੁੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥

**ਭਾਵ ਅਰਥ**

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ
ਜਲੰਧਰ (ਭਾਰਤ), 9815023970

**ਪੋਹ ਦੇ ਮਹੀਨੇ ਨੂੰ ਆਧਾਰ ਬਣਾ ਕੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸਾਨੂੰ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ ਪੋਹ ਦੇ ਇਸ ਠੰਢੇ ਠਾਰ ਅਤੇ ਕੱਕਰ-ਪਾਲੇ ਦੇ ਮਹੀਨੇ ਵਿਚ ਜਿਸ ਤਰ੍ਹਾਂ ਇੱਕ ਦੁਨਿਆਵੀ ਇਸਤ੍ਰੀ ਆਪਣੇ ਪਤੀ ਦੇ ਸੀਨੇ ਨਾਲ ਲਗ ਕੇ ਨਿੱਘ ਮਹਿਸੂਸ ਕਰਦੀ ਹੈ, ਇਸੇ ਤਰਾਂ ਇੱਕ ਜੀਵ-ਇਸਤ੍ਰੀ ਜੋ ਪਰਮਾਤਮਾ ਦੇ ਨਾਮ ਨਾਲ ਜੁੜੀ ਰਹਿੰਦੀ ਹੈ। ਉਸ ਨੂੰ ਇਸ ਪੋਹ ਦੇ ਮਹੀਨੇ ਦੀ ਠੰਡ ਮਹਿਸੂਸ ਨਹੀਂ ਹੁੰਦੀ। ਉਹ ਉਸ ਨੂੰ ਆਪਣੇ ਨਾਲੋਂ ਕਦੇ ਵਿੱਛੋੜਦਾ ਨਹੀਂ ਅਤੇ ਸਾਰੇ ਸੁੱਖ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਉਸ ਨੂੰ ਪੋਹ ਦੀ ਠੰਡੀ ਰੁੱਤ ਵੀ ਸੁਹਾਵਣੀ ਲੱਗਦੀ ਹੈ।**

# ਬਾਰਹ ਮਾਹਾ ਮਾਂਝ ਮਹਲਾ 5 ਵਿੱਚੋਂ
# ਪੋਹ ਦੇ ਮਹੀਨੇ ਦੇ ਪਾਠ ਦੀ
# ਕਾਵਿਕ ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ
ਜਲੰਧਰ (ਭਾਰਤ)



ਕਿਸੇ ਜੀਵ ਇਸਤ੍ਰੀ ਨੂੰ, ਠੰਡ ਪੋਹ ਦੀ, ਪੋਹ ਨਹੀਂ ਸਕਦੀ,
ਪਤੀ ਪਰਮਾਤਮਾ ਨੇ ਜਿਸ ਨੂੰ ਗਲ ਦੇ ਨਾਲ ਲਾਇਆ ਹੈ ।
ਜੀਹਦਾ ਹਿਰਦਾ ਹਮੇਸ਼ਾ ਉਸ ਦੇ ਚਰਨਾਂ ਨਾਲ ਜੁੜਿਆ ਹੈ,
ਜਿਹਨੇ ਹਰ ਸਾਹ ਉਸਦੀ ਯਾਦ ਦੇ ਅੰਦਰ ਬਿਤਾਇਆ ਹੈ।
ਹੈ ਤੱਕਿਆ ਆਸਰਾ ਗੋਬਿੰਦ ਤੇ ਗੁਪਾਲ ਦਾ ਜਿਸ ਨੇ,
ਪ੍ਰਭੂ ਮਾਲਕ ਦੀ ਸੇਵਾ ਕਰਕੇ ਉਸ ਨੇ ਲਾਭ ਹੈ ਪਾਇਆ ।
ਓਸ ਜੀਵ-ਇਸਤ੍ਰੀ ਨੂੰ ਕਦੇ ਮਾਇਆ ਪੋਹ ਨਹੀਂ ਸਕਦੀ,
ਗੁਰੂ ਦੇ ਨਾਲ ਮਿਲ ਕੇ ਜਿਸ, ਪ੍ਰਭੂ ਦੇ ਗੁਣਾਂ ਨੂੰ ਗਾਇਆ।
ਹੈ ਜਿਸ ਤੋਂ ਹੋਈ ਪੈਦਾ ਨਾਲ ਉਸ ਦੇ ਜੁੜੀ ਹੈ ਰਹਿੰਦੀ,
ਤੇ ਸੱਚੇ ਪ੍ਰੇਮ ਵਿਚ ਉਸ ਦੇ ਸਦਾ ਰਹਿੰਦੀ ਸਮਾਈ ਹੈ।
ਓਸ ਦਾ ਹੱਥ ਫੜ੍ਹ ਕੇ ਪ੍ਰਭੂ ਆਪਣੇ ਨਾਲ ਲਾ ਲੈਂਦੈ,
ਉਹਦੇ ਚਰਨਾਂ ਤੋਂ ਫਿਰ ਉਹ ਕਦੇ ਵੀ ਵਿਛੜ ਨਾ ਪਾਈ ਹੈ।
ਜੋ ਗਹਿਰਾ ਹੈ ਬੜਾ ਤੇ ਪਹੁੰਚ ਸਾਡੀ ਤੋਂ ਪਰੇ ਵੀ ਹੈ,
'ਜਿਹੇ ਸੱਜਣ ਤੋਂ ਲੱਖ ਵਾਰੀ ਅਸੀਂ ਕੁਰਬਾਨ ਜਾਂਦੇ ਹਾਂ।
ਪ੍ਰਭੂ ਨੂੰ ਲਾਜ ਦਰ ਤੇ ਪਏ ਦੀ ਰੱਖਣੀ ਹੀ ਪੈਂਦੀ ਹੈ।
ਹੇ ਨਾਨਕ; ਜਦੋਂ ਉਸ ਦੇ ਦਰ ਤੇ ਆਪਣਾ ਸਿਰ ਝੁਕਾਂਦੇ ਹਾਂ।
ਮਹੀਨਾ ਪੋਹ ਦਾ ਉਸ ਨੂੰ ਸੁਹਾਨਾ ਸਦਾ ਲੱਗਦਾ ਹੈ।
ਉਹ ਬੇਪਰਵਾਹ, ਬਾਰਿਸ਼ ਜੇਸ ਤੇ ਸੁਖਾਂ ਦੀ ਕਰ ਦੇਂਦਾ
ਤੇ ਬਖਸ਼ਿਸ਼ ਨਾਲ ਭਰ ਦੇਂਦਾ।

## ਕਥਾ ਵਿਆਖਿਆਨ

ਪ੍ਰੋਫੈਸਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਕਥਾ ਦਾ ਪ੍ਰਯੋਜਨ ਗੁਰਬਾਣੀ ਦੇ ਗੂਹਜ ਵਾਕ ਦੇ ਅਰਥ ਤੇ ਵਿਆਖਿਆ ਕਰਨਾ ਹੁੰਦਾ ਹੈ। ਜਿਵੇਂ (ਮਾਝ ਮਹਲਾ 4, ਅੰਗ 95):

ਹਰਿ ਗੁਣ ਪੜੀਐ ਹਰਿ ਗੁਣ ਗੁਣੀਐ ॥ ਹਰਿ ਹਰਿ ਨਾਮ ਕਥਾ ਨਿਤ ਸੁਣੀਐ ॥ ਮਿਲਿ ਸਤਸੰਗਤਿ ਹਰਿ ਗੁਣ ਗਾਏ ਜਗੁ ਭਉਜਲੁ ਦੁਤਰੁ ਤਰੀਐ ਜੀਉ ॥

ਜਿਨ੍ਹਾਂ ਵਡਭਾਗੀਆਂ ਨੇ ਮਨ ਤੋਂ ਵਿਕਾਰਾਂ ਦੀ ਮੈਲ ਲਾਹ ਲਈ ਉਹ ਪਵਿਤ੍ਰ ਹੋਏ, ਅਨੇਕਾਂ ਪ੍ਰਾਪਤ ਕਰ ਲਏ, ਗੁਰੂ ਮਿਲ ਗਿਆ।

ਗਉੜੀ ਗੁਆਰੇਰੀ ਮ: 5॥ ਸੁਣਿ ਹਰਿ ਕਥਾ ਉਤਾਰੀ ਮੈਲੁ॥ ਮਹਾ ਪੁਨੀਤ ਭਏ ਸੁਖ ਸੈਲੁ ॥ਵਡੈ ਭਾਗਿ ਪਾਇਆ ਸਾਧਸੰਗੁ॥ਅੰਗ 178॥

ਗੁਰਬਾਣੀਂ ਵਚ ਹਰਿ ਕਥਾ ਨੂੰ ਸੁਣਨ ਦੀ ਪ੍ਰੇਰਨਾ ਹੈ ਜਿਸ ਨਾਲ ਮਨ ਦੇ ਦੁਖ ਦੂਰੁ ਹੋ ਜਾਂਦੇ ਹਨ:

ਗੁਣ ਗਾਵਤ ਮਨੁ ਹਰਿਆ ਹੋਵੈ॥ ਕਥਾ ਸੁਣਤ ਮਲੁ ਸਗਲੀ ਖੋਵੈ॥ ਭੇਟਤ ਸੰਗਿ ਸਾਧ ਸੰਤਨ ਕੈ ਸਦਾ ਜਪਉ ਦਇਆਲਾ ਜੀਉ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਮਗਰੋਂ ਸੰਗਤ ਵਿਚ ਕਥਾ ਕਰਨ ਦੀ ਪ੍ਰੰਪਰਾ ਚਲ ਪਈ। ਕਥਾਕਾਰ ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਬਾਣੀ ਅਤੇ ਇਤਹਾਸਕ ਸਾਖੀਆਂ ਸੁਣਾਉਦੇ ਸਨ।

ਨਾਮ ਸਿਮਰਨ ਗੁਰਬਾਣੀ ਦਾ ਗਾਉਣਾ, ਸਮਝਣਾ ਤੇ ਭਾਉ ਹਿਰਦੇ ਵਿਚ ਵਸਾਉਣਾ ਹੈ।
ਸਬਦੁ ਚੀਨ ਮਨੁ ਨਿਰਮਲੁ ਹੋਵੈ ਤਾ ਹਿਰ ਕੈ ਗੁਣਿ ਗਾਵੈ॥ ਵਡਹੰਸੁ ਮ: 3॥ਅੰਗ 565)॥

ਭਾਈ ਗੁਰਦਾਸ ਜੀ ਨੇ ਸਮਝਾਇਆ ਕਿ ਜਿਸ ਤਰ੍ਹਾਂ ਹੰਸ ਦੁੱਧ ਵਿਚੋਂ ਪਾਣੀ ਕੱਢ ਦਿੰਦਾ ਹੈ, ਕਛੂ ਕੁੰਮਾਂ ਸਮੁੰਦਰ ਦੀਆਂ ਲਹਿਰਾਂ ਵਿਚੋਂ ਰਾਹ ਲਭ ਲੈਂਦਾ ਹੈ ਤੇ ਕੂੰਜ ਆਪਣੇ ਸਿਮਰਨ ਦੁਆਰਾ ਪਿੱਛੇ ਛੱਡੇ ਆਪਣੇ ਬਚਿਆਂ ਦਾ ਧਿਆਨ ਰਖਦੀ ਹੈ ਇਸੇ ਤਰ੍ਹਾਂ ਗੁਰਬਾਣੀ ਦੇ ਗਿਆਨ ਦੁਆਰਾ ਗੁਰੂ ਦੇ ਉਪਦੇਸ਼ ਨੂੰ ਗ੍ਰਹਿਣ ਕੀਤਾ ਜਾ ਸਕਦਾ ਹੈ:

ਹੰਸਹੁ ਹੰਸ ਗਿਆਨ ਕਰਿ ਦੁਧੈ ਵਿਚਹੁ ਕਢੈ ਪਾਣੀ॥ ਕਛਹੁ ਕਛੁ ਧਰਿ ਲਹਿਰ ਨ ਵਿਆਪੈ ਘੁੰਮਣਵਾਣੀ॥ ਕੂੰਜਹੁ ਕੂੰਜੁ ਵਖਾਣੀਐ ਸਿਮਰਣੁ ਕਰਿ ਉਡੈ ਅਸਮਾਣੀ॥ ਗੁਰ ਪਰਚੈ ਗੁਰ ਜਾਣੀਐ ਗਿਆਨਿ ਧਿਆਨਿ ਸਿਮਰਣ ਗੁਰਬਾਣੀ॥ (ਵਾਰ-22)॥

ਭਾਈ ਮਨੀ ਸਿੰਘ ਜੀ ਭਗਤ ਰਤਨਾਵਲੀ ਵਿਚ ਉਧਾਰ ਦਾ ਮਾਰਗ ਪੁੱਛਦੇ ਹਨ ਤਾਂ ਗੁਰੂ ਜੀ ਦਸਦੇ ਹਂਨ: ਗੁਰਬਾਣੀ ਪਾਠ ਆਪਣੇ ਖੂਹ ਗੇੜ ਕੇ ਪੈਲੀ ਸਿੰਜਣ ਵਾਂਗ ਹੈ। ਕੀਰਤਨ ਮੇਘ ਵਾਂਗ ਗਰਜ ਕੇ ਵਰਖਾ ਕਰਦਾ ਹੈ। ਕਥਾ ਤੋਂ ਠਹਿਰਿਆ ਹੋਇਆ ਮੇਘ ਝਿਮਿਝਮ ਵਰਖਾ ਕਰਦਾ ਹੈ। ਮਰਯਾਦਾ ਅਨੁਸਾਰ ਸੰਗਤ ਵਿਚ ਗੁਰਬਾਣੀ ਦੀ ਕਥਾ ਸਿੱਖ ਹੀ ਕਰੇ, ਜਿਸ ਦਾ ਮਨੋਰਥ ਗੁਰਮਤਿ ਦ੍ਰਿੜਾਉਣਾ ਹੀ ਹੋਵੇ।

ਕਥਾ ਗੁਰੂ ਸਾਹਿਬਾਨ ਦੀ ਬਾਣੀ, ਜਾਂ ਭਾਈ ਗੁਰਦਾਸ, ਭਾਈ ਨੰਦ ਲਾਲ ਜਾਂ ਕਿਸੇ ਹੋਰ ਪ੍ਰਮਾਣਿਕ ਪੰਥਕ ਜਾਂ ਇਤਹਾਸਕ ਪੁਸਤਕ (ਜੋ ਗੁਰਮਤਿ ਅਨੁਕੂਲ ਹੋਣ) ਦੀ ਹੋ ਸਕਦੀ ਹੈ, ਮਨਮਤ ਦੀ ਪੁਸਤਕ ਦੀ ਨਹੀਂ। ਇਹ ਸਿੱਖੀ ਬਾਰੇ ਹੋ ਸਕਦੀ ਹੈ। ਕਿਸੇ ਸਮੱਸਿਆ ਜਾਂ ਕਾਰਜ ਸੰਬੰਧੀ ਗੁਰਦਆਰੇ ਵਿਚ ਵਿਆਖਿਆਨ ਹੋ ਸਕਦੇ ਹਨ। ਸਿਖ ਗੁਰਦੁਆਰੇ ਵਿਚ ਗੁਰਮਤਿ ਦੇ ਵਿਰੁੱਧ ਕੋਈ ਵਿਆਖਿਆਨ ਨਹੀਂ ਹੋ ਸਕਦਾ।

ਢਾਡੀ ਤਿਸ ਨੋ ਆਖੀਐ ਜਿ ਖਸਮੈ ਧਰੇ ਪਿਆਰੁ

ਢੱਡ ਯੰਤਰ ਵਜਾਉਣ ਵਾਲੇ ਢਾਡੀ, ਨਾਲ ਸਾਰੰਗੀ ਵਜਾ ਕੇ ਯੋਧਿਆਂ ਦੀਆਂ ਵਾਰਾਂ ਗਾਉਂਦੇ ਸਨ। ਰਾਜਪੂਤਾਂ ਵਿਚ ਭਾਟ ਰਾਜਿਆਂ ਦਾ ਜਸ ਤੇ ਯੋਧਿਆਂ ਦੀਆਂ ਵਾਰਾਂ ਗਾਓਂਦੇ ਸਨ। ਪੰਜਾਬ ਵਿਚ ਰਾਜਪੂਤਾਂ ਨਾਲ ਭੱਟ ਵੀ ਆਏ। ਜਸ ਗਾਉਣ ਵਾਲੇ ਦਾ ਰੂਪ ਹੀ ਢਾਡੀ ਹੈ। ਸਾਰੰਦੇ ਦੀ ਥਾਂ ਸਾਰੰਗੀ ਅਤੇ ਮ੍ਰਿਦੰਗ ਦੀ ਥਾਂ ਢੱਡ ਨੇ ਲੈ ਲਈ।ਕੀਰਤਨ ਕਰਨ ਵਾਲੇ ਦਾ ਨਾਉਂ ਢਾਡੀ ਹੈ:

ਰਾਗੁ ਸੋਰਠਿ ਵਾਰ ਮਹਲੇ 4 ਕੀ ਪਉੜੀ॥
ਹਮ ਢਾਡੀ ਹਰਿ ਪ੍ਰਭ ਖਸਮ ਕੇ ਨਿਤ ਗਾਵਹ ਹਰਿ ਗੁਣ ਛੰਤਾ॥ ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹ ਤਿਸੁ ਕਵਲਾ ਕੰਤਾ॥(ਅੰਗ-650)॥

ਰਾਗੁ ਮਲਾਰ ਬਾਣੀ ਭਗਤ ਨਾਮਦੇਵ ਜੀਉ ਕੀ॥
ਜਾਂ ਚੈ ਘਰਿ ਗਣ ਗੰਧਰਬ ਰਿਖੀ ਬਪੁੜੇ ਢਾਢੀਆ ਗਵੰਤ ਆਛੈ॥

ਗੁਰੂਆਂ ਨੇ ਆਪਣੇ ਆਪ ਨੂੰ ਪ੍ਰਭੂ ਦਾ ਢਾਡੀ ਕਿਹਾ। ਪ੍ਰਭੂ ਨੇ ਉਨ੍ਹਾਂ ਨੂੰ ਆਪਣੇ ਮਹਲ ਬੁਲਾਕੇ ਢਾਡੀ ਥਾਪ ਕੇ ਅੰਮ੍ਰਿਤ ਭੋਜਨ ਦੀ ਦਾਤ ਦਿੱਤੀ।

ਹਉ ਢਾਢੀ ਵੇਕਾਰੁ ਕਾਰੈ ਲਾਇਆ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥ ਢਾਢੀ ਸਚੈ ਮਹਲ ਖਸਮਿ ਬੁਲਾਇਆ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ॥

ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ॥ ਹਰਿ ਅੰਦਿਰ ਸੁਣੀ ਪੂਕਾਰ ਢਾਢੀ ਮੁਖਿ ਲਾਇਆ॥ਅੰਗ 91॥

ਹਉ ਤਿਸੁ ਢਾਢੀ ਕੁਰਬਾਣੁ ਜਿ ਤੇਰਾ ਸੇਵਦਾਰੁ॥ ਹਉ ਤਿਸੁ ਢਾਢੀ ਬਲਿਹਾਰ ਜਿ ਗਾਵੈ ਗੁਣ ਅਪਾਰ॥ ਸੋ ਢਾਢੀ ਧਨੁ ਧੰਨੁ ਜਿਸੁ ਲੋੜੇ ਨਿਰੰਕਾਰੁ॥ ਸੋ ਢਾਢੀ ਭਾਗਠੁ ਜਿਸੁ ਸਚਾ ਦੁਆਰ ਬਾਰੁ ॥ ਓਹੁ ਢਾਢੀ ਤੁਧੁ ਧਿਆਇ ਕਲਾਣੇ ਦਿਨੁ ਰੈਣਾਰ ॥ ਅੰਗ 962॥

ਗੁਰੂ ਹਰਿਗੋਬਿੰਦ ਜੀ ਨੇ ਵੀਰ ਰਸ ਲਈ ਸ੍ਰੀ ਅਕਾਲ ਤਖਤ ਵਿਖੇ ਢਾਡੀਆਂ ਤੋਂ ਵਾਰਾਂ ਗਵਾਉਣ ਦੀ ਪਿਰਤ ਪਾਈ। ਉਨ੍ਹਾਂ ਦੇ ਦਰਬਾਰ ਵਿਚ ਨੱਥਾ ਤੇ ਅਬਦੁੱਲਾ ਦੋ ਢਾਡੀ ਵੀਰ ਰਸੀ ਵਾਰਾਂ ਗਾਂਉਂਦੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਮੀਰ ਛਬੀਲਾ ਮੁਸ਼ਕੀ ਅਤੇ ਨਥਮਲ ਨਾਮ ਦੇ ਦੋ ਢਾਡੀ ਸਨ। ਓਦੋਂ ਤੋਂ ਢਾਡੀ ਗੁਰੂ ਜਸ ਤੇ ਸਿੱਖ ਇਤਹਾਸ ਨੂੰ ਸੁਣਾਉਂਦੇ ਹਨ।

ਅਜ ਦੇ ਸਮੇ, ਢਾਡੀ ਸੋਹਨ ਸਿੰਘ ਸੀਤਲ, ਦਯਾ ਸਿੰਘ ਦਿਲਬਰ, ਪਿਆਰਾ ਸਿੰਘ ਪੰਛੀ, ਜਸਵੰਤ ਸਿੰਘ ਤਾਨ ਅਤੇ ਹੋਰ ਕਈ ਢਾਡੀ ਪ੍ਰਸਿਧ ਹੋਏ ਹਨ। ਬੀਬੀਆਂ ਅਤੇ ਨੌਜਵਾਨਾਂ ਦੇ ਜੱਥੇ ਵੀ ਨਿੱਤਰ ਰਹੇ ਹਨ। ਨਾਭੇ ਵਾਲੀਆਂ ਬੀਬੀਆਂ ਦਾ ਜੱਥਾ ਕਾਫ਼ੀ ਪ੍ਰਸਿੱਧੀ ਪ੍ਰਾਪਤ ਕਰ ਚੁਕਾ ਹੈ।

# ਫਕਰ ਤੇ ਫਕਰਨਾਮਾ

ਡਾ. ਕਾਬਲ ਸਿੰਘ, ਐਡਮਿੰਟਨ (ਕੈਨੇਡਾ)



**ਪਿਛੋਕੜ:** "ਫਕਰ" ਅਰਬੀ-ਫਾਰਸੀ ਮੂਲ ਦੇ ਸ਼ਬਦ "ਫਿਕਰ" ਤੋਂ ਵਿਕਸਤ ਹੋਇਆ, ਜਿਸ ਦਾ ਅਰਥ ਸੋਚ-ਵਿਚਾਰ, ਚਿੰਤਨ ਜਾਂ ਗੌਰ ਕਰਨਾ ਹੈ। ਫਿਕਰ ਤੋਂ ਸ਼ਬਦ "ਮੁਫੱਕਰ" ਬਣਿਆਂ ਜਿਸ ਤੋਂ ਪੰਜਾਬੀਆਂ ਨੇ ਫਕਰ ਬਣਾ ਲਿਆ। ਫਕਰ ਵਿਅਕਤੀ ਸੋਚਵਾਨ, ਵਿਚਾਰਵਾਨ ਜਾਂ ਚਿੰਤਕ ਹੈ। ਮਹਾਨ ਕੋਸ਼ ਵਿਚ ਫਕਰ ਤੇ ਫਕਰੁ ਨਿਰਧਨਤਾ, ਫਕੀਰੀ ਜਾਂ ਸੰਨਿਆਸ ਲਈ ਸ਼ਬਦ ਹਨ। ਗੁਰਬਾਣੀ ਵਿਚ ਫਕਰੁ ਸ਼ਬਦ ਦੋ ਜਗ੍ਹਾ ਅੰਕਿਤ ਹੈ।

**ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦੁ॥727॥**) ਅਤੇ

**ਫਕਰੁ ਕਰੇ ਹੋਰ ਜਾਤਿ ਗਵਾਏ॥1245॥**

ਇਸ ਲੇਖ ਵਿਚ ਫਕਰ ਦੀ ਪ੍ਰਭਾਸ਼ਾ ਬਾਬਾ ਮੋਹਰਿ ਸਿੰਘ ਦੇ "ਭਰਮ ਤੋੜ ਗਰੰਥ" ਤੇ ਅਧਾਰਤ ਹੈ। ਇਸ ਵਿਚ ਦੋ ਤਰ੍ਹਾ ਦੀਆਂ ਰਚਨਾਵਾਂ ਹਨ।
1. ਧਾਰਮਕਿ, ਦਾਰਸ਼ਨਕ ਤੇ ਵੇਦਾਂਤ (ਆਤਮ ਕਥਾ, ਬੈਂਤ, ਕੋਰੜੇ, ਬਿਬੇਖ ਗਰੰਥ, ਮੰਤ੍ਰ, ਫਕਰਨਾਮਾ)।
2. ਇਤਹਾਸਗਤ (ਗੁਰਪ੍ਰਣਾਲੀ, ਗੁਰ ਉਸਤਤ, ਸ਼ਜਰਾ)।

ਪੰਜਾਬੀ ਵਿਚ 'ਨਾਮਾ' ਸਾਹਿਤ ਲਿਖਣ ਦੀ ਪਰੰਪਰਾ ਅਰਬੀ-ਫਾਰਸੀ ਦੇ ਪ੍ਰਭਾਵ ਤੋਂ ਸ਼ੁਰੂ ਹੋਈ। ਇਸ ਦੀਆਂ ਕੁਝ ਉਦਾਹਰਣਾਂ ਰਹਿਤਨਾਮਾ, ਹੁਕਮਨਾਮਾ, ਜ਼ਫਰਨਾਮਾ, ਜੰਗਨਾਮਾ, ਸ਼ਾਹਨਾਮਾ ਰਣਜੀਤ ਸਿੰਘ ਹਨ।

ਇਸਲਾਮ ਦੇ ਫਕੀਰਾਂ ਕੋਲ ਆਪਣੇਂ ਫਕਰਨਾਮੇਂ ਹੁੰਦੇ ਸਨ ਜੋ ਉਹ ਆਪਣੇਂ ਚੇਲਿਆਂ ਨੂੰ ਪੱੜਨ ਲਈ ਦਸਦੇ ਸਨ। ਫਕਰਨਾਮੇ ਵਿਚ ਫਕਰ ਤੇ ਉਸਦੇ ਪਹਿਨਣ ਵਾਲੇ ਗਹਿਣਿਆਂ ਆਦਿ ਦੇ ਗੁਣ ਲਿਖੇ ਹੁੰਦੇ ਸਨ।

**ਬਾਬਾ ਮੋਹਰਿ ਸਿੰਘ**: ਨਿਰਮਲਾ ਸੀ ਅਤੇ ਆਪ ਨੂੰ ਗੁਰੂ ਗੋਬਿੰਦ ਸਿੰਘ ਦੀ ਨਾਦੀ ਅੰਸ਼ (ਅਧਿਆਤਮਿਕ ਪਿਤਾ ਮੱਨਣਾ) ਵਿਚੋਂ ਦਸਦਾ ਸੀ। ਮਹਾਰਾਜਾ ਰਣਜੀਤ ਸਿੰਘ ਦੀ ਫੋਜ ਵਿਚ ਸਿਪਾਹੀ ਸੀ। ਸੰਨ 1825 ਈ. ਵਿਚ ਸਰਦਾਰ ਬੁੱਧ ਸਿੰਘ ਸੰਧਾਵਾਲੀਏ ਦੀ ਕਮਾਨ ਹੇਠ ਕਾਬਲ਼ ਦੀ ਮੁਹਿੰਮ ਵਿਚ ਹਿੱਸਾ ਲਿਆ। ਲੜਾਈ ਵਿਚ ਕਤਲੇਆਮ ਵੇਖ ਕੇ ਉਸਦਾ ਮਨ ਉਚਾਟ ਹੋਣ ਕਾਰਨ ਉਹ ਵਿਰਕਤ (ਉਦਾਸੀਨ, ਉਪਰਾਮ) ਬਣ ਗਿਆ। ਬਾਬਾ ਮੋਹਰਿ ਸਿੰਘ ਦਾ ਪੂਰਾ ਫਕਰਨਾਮਾ ਇਸ ਪ੍ਰਕਾਰ ਹੈ।

ਫੱਕਰ ਕਾ ਪੂਰਾ ਹੈ ਪ੍ਰਤਾਪ।
ਫੱਕਰ, ਸਭ ਕੋ ਦੇਖਤਾ ਹੈ ਆਪ।

ਫੱਕਰ, ਜਨਮੇਂ ਨਾ ਮਰਤਾ।
ਫੱਕਰ ਕਰਤਾ ਹੀ ਅਕਰਤਾ।
ਫੱਕਰ ਕੇ ਹੈ ਸਬੂਰੀ। ਫੱਕਰ ਕੀ ਦ੍ਰਿਸ਼ਟ ਹੈ
ਪੂਰੀ। ਫੱਕਰ ਕਾ ਬਰਨ ਆਸ਼ਰਮ ਨਹੀਂ ਕੋਈ।
ਫੱਕਰ ਨੇ ਦ੍ਵੈਤ ਸਭ ਖੋਈ।
ਫੱਕਰ ਨੇ ਕੀਆ ਹੈ ਨਿਰਨਾ।
ਸਰੂਪੇ ਕਿਸੇ ਨਾ ਗਿਰਨਾ। ਦੂਜਾ ਹੋਵੇ ਤਾਂ
ਗਿਰੇ। ਫੱਕਰ, ਫਿਕਰ ਕਾਸ ਕਾ ਕਰੇ।

ਫੱਕਰ ਕੋ ਧਰਮਰਾਇ ਕਾ ਨਹੀਂ ਲੇਖਾ।
ਕਿ ਜਿਸਤੇ ਏਕ ਹੈ ਦੇਖਾ।
ਫੱਕਰ ਬਿਨ ਮੁਕਤਿ ਨਹੀਂ ਹੋਤੀ।
ਕਹਿਤੇ ਗ੍ਰੰਥ ਸਭ ਪੋਥੀ।
ਫੱਕਰ ਨੇ ਕੀਏ ਹੈਂ ਬੇਦ ਚਾਰੇ।
ਫੱਕਰ, ਦੇਹ ਹੰਗਤਾ ਕੋ ਦੂਰ ਕਰ ਮਾਰੇ।
ਫੱਕਰ ਨਹੀਂ ਪੰਚ ਕੋਸ਼ ਕਾ ਭਾਗੀ।
ਫੱਕਰ, ਤੀਨ ਤਾਪ ਕਾ ਤਿਆਗੀ।

ਫੱਕਰ ਕੋ ਨਹੀਂ ਪੰਜ ਕਲੇਸ਼।
ਤਿਸੀ ਤੇ ਖ਼ੁਸ਼ੀ ਰਹਿਤਾ ਹੈ ਹਮੇਸ਼।
ਫੱਕਰ ਕੋ ਦਿਸਤਾ ਨਹੀਂ ਦੂਜਾ।
ਫੱਕਰ, ਕਿਸ ਕੀ ਕਰੇ ਪੂਜਾ।
ਫੱਕਰ ਆਪ ਮੇਂ ਹੈ ਜਾਗਤਾ।
ਫੱਕਰ ਕੋ ਪੁੰਨ ਪਾਪ ਨਹੀਂ ਲਾਗਤਾ।
ਫੱਕਰ ਕੀ ਪੂਰੀ ਹੈ ਬਾਤ।
ਫੱਕਰ ਕੀ ਨਹੀਂ ਕੋਈ ਜਾਤ।
ਮੋਹਰਿ ਸਿੰਘ ਫੱਕਰ ਹੈ ਸੋਈ।
ਜਾ ਕੇ ਰਿਦੇ ਦ੍ਵੈਤ ਨਹੀਂ ਕੋਈ।
ਫੱਕਰ ਹੈ ਪਰਮ ਪਵਿਤ੍ਰ ਭਇਆ।
ਫੱਕਰ, ਆਇਆ ਨਹੀਂ ਗਇਆ।
ਫੱਕਰ ਦਾ ਰੂਪ ਹੈ ਬਿਅੰਤ।
ਫੱਕਰ ਦਾ ਕੌਣ ਪਾਵੇ ਅੰਤ।
ਫੱਕਰ, ਮਕਰ ਕਰਤਾ ਹੈ ਦੂਰ।
ਜਾ ਤੇ ਏਕ ਦੇਖਾ ਹੈ ਭਰਪੂਰ।

ਫੱਕਰ, ਤੀਰਥ ਬਰਤ ਨਹੀਂ ਕਰਤਾ।
ਫੱਕਰ, ਨਿਗ੍ਹਾ ਏਕ ਮੇਂ ਧਰਤਾ।
ਫੱਕਰ ਕੋ ਨਹੀਂ ਝੂਠ ਕੀ ਲੋੜ।
ਫੱਕਰ ਨੇ ਕੁਫਰ ਦਿਤਾ ਹੈ ਤੋੜ।
ਜੋ ਦਿਸੇ ਸਭ ਫੱਕਰ ਕਾ ਹੈ ਰੂਪ।
ਫੱਕਰ, ਆਪ ਹੈ ਰੰਕ, ਆਪ ਹੈ ਭੂਪ।
ਫੱਕਰ, ਆਪ ਤੇ ਭਿੰਨ ਨਹੀਂ ਕਛੁ ਦੇਖਤਾ।
ਸਰਬ ਮੇਂ ਰੱਬ ਹੈ ਪੇਖਤਾ।
ਫੱਕਰ, ਨਹੀਂ ਕਰਤਾ ਚਲਿੱਤ੍ਰ।
ਫੱਕਰ, ਸਰਬ ਕਾ ਹੈ ਮਿੱਤ੍ਰ।
ਫੱਕਰ ਸੋ, ਜੋ ਹਿਫਸ ਦੁਨੀਆਂ ਕੀ ਛੱਡੇ।
ਫੱਕਰ ਸੋ, ਨਿਗ੍ਹਾ ਏਕ ਮੇਂ ਗੱਡੇ।
ਫੱਕਰ, ਕਿਸੇ ਭੇਖ ਕਾ ਨਹੀਂ ਅਭਿਮਾਨੀ।
ਸਰਬ ਮੇਂ ਜੋਤਿ ਏਕ ਹੈ ਜਾਨੀ।
ਫੱਕਰ ਸੋ, ਕਿਸੀ ਮੇਂ ਫਰਕ ਨਹੀਂ ਦੇਖੇ।
ਰਾਮ ਰਸੂਲ ਕੋ ਏਕੋ ਪੇਖੇ।
ਹਿੰਦੂ ਤੁਰਕ ਕੀ ਛੱਡੇ ਕਾਣ।
ਮੜ੍ਹੀ ਮਸੀਤਾਂ ਨੋ ਦੇਵੇ ਜਾਣ।
ਵੱਟੇ ਪੂਜਾ ਸਭ ਉਠਾਵੇ।
ਧਿਆਨ ਏਕ ਸਾਹਿਬ ਮੇਂ ਲਾਵੇ।
ਦਵੈਸ਼ ਭਾਉ ਆਪਣਾ ਖੋਵੇ।
ਤਾਂ ਫ਼ਕੀਰ ਅਸਲੀ ਸੱਚਾ ਹੋਵੇ।

ਫੱਕਰ, ਬੇਮੁਤਾਜੀ ਮੇਂ ਰਹਿਤਾ।
ਸੁਆਲ ਕਿਸੀ ਕੋ ਨਹੀਂ ਕਹਿਤਾ।
ਰਾਜੇ ਰਾਣੇ ਦੇ ਜੋ ਮੰਗਣ ਜਾਊ।
ਫੱਕਰ ਨਹੀਂ, ਸੋ ਗਧਾ ਕਹਾਊ।
ਇੱਕ ਸਾਹਿਬ ਤੇ ਭੁੱਲ ਕੇ, ਤੀਰਥ ਬਰਤ ਜੋ
ਕਰਦੇ ਹੈਂ। ਸੋ ਫੱਕਰ ਨਹੀਂ, ਮੂੜ੍ਹੇ ਖੁਆਰ ਹੋ ਕੇ
ਮਰਦੇ ਹੈਂ। ਫੱਕਰ ਹੋ ਕੇ, ਕਰੇ ਵੱਟੇ ਕੀ ਪੂਜਾ।
ਤਿਸ ਕਾ ਭਾਉ ਨਾ ਜਾਵੇ ਦੂਜਾ।
ਫੱਕਰ ਹੋ ਕੇ, ਪੂਜੇ ਮੜ੍ਹੀ ਮਸਾਣ।
ਤਿਸ ਨੂੰ ਮੂਰਖ ਅਗਿਆਨੀ ਜਾਣ।
ਫੱਕਰ ਰੱਬ ਵਿੱਚ, ਭੇਦ ਨਹੀਂ ਕੋਈ।

ਰੱਬ ਹੈ ਫੱਕਰ, ਫੱਕਰ ਰੱਬ ਹੋਈ।
ਫੱਕਰ, ਜਬ ਹੋਵੇ ਐਸਾ। ਤਾਂ ਕੋ ਫਿਕਰ ਹੋਵੇ ਕੈਸਾ।
ਜਬ ਆਪ ਮਹਿ, ਆਪੇ ਰਹੇ।
ਜਨਮ ਮਰਨ ਫਿਰ ਕਿਸ ਨੋ ਕਹੇ।
ਫੱਕਰ, ਸਮਝ ਸਭ ਕੋ ਹੈ ਦਿੰਦਾ।
ਫੱਕਰ ਪੀਰ ਹੈ ਜਿੰਦਾ।
ਫੱਕਰ, ਨਾਨਕ ਆਪ ਕਹਾਇਆ।
ਸਭ ਬਰਨ ਆਸ਼੍ਰਮ ਮੇਂ ਏਕ ਦਿਖਾਇਆ।
ਬਰਨ, ਆਸ਼੍ਰਮ ਦੀ ਨਾ ਉਠੇ ਕਾਣ।
ਫੱਕਰ ਨਹੀਂ, ਅਗਿਆਨੀ ਜਾਣ।
ਫੱਕਰ, ਜਹਾਂ ਜਹਾਂ ਦ੍ਰਿਸ਼ਟ ਪਸਾਰੇ ਹੈ।
ਤਹਾਂ ਤਹਾਂ ਇੱਕ ਰੱਬ ਨਿਹਾਰੇ ਹੈ।

ਫੱਕਰ ਜੇਡ, ਦਾਤਾ ਨਹੀਂ ਕੋਈ।
ਜਿਨ, ਦ੍ਵੈਤ ਸਿੱਖ ਦੀ ਖੋਈ।
ਫੱਕਰ ਜੇਡ, ਕੌਣ ਕਰੇ ਦਇਆ।
ਜਿਸਨੇ ਸਿੱਖ ਰੂਪ ਆਪਣਾ ਕਰ ਲਇਆ।
ਫੱਕਰ ਜੇਡ, ਔਰ ਕੋ ਹੈ ਪੂਰਾ।
ਜਿਨ, ਅਗਿਆਨ ਸਿੱਖ ਕਾ ਕੀਤਾ ਹੈ ਦੂਰਾ।
ਫੱਕਰ ਜੇਡ, ਨਹੀਂ ਕੋਈ ਮਿੱਤਰ ਹੈ।
ਜਿਨ ਸਮਝ ਦੇ, ਸਿੱਖ ਕੀਆ ਪਵਿੱਤ੍ਰ ਹੈ।

ਫੱਕਰ ਆਪੇ, ਆਪਣਾ ਪਿਆਰਾ ਹੈ।
ਜਿਨ ਇੱਕੋ ਬ੍ਰਹਮ, ਦੇਖਿਆ ਸਾਰਾ ਹੈ।
ਫੱਕਰ, ਸਰਬ ਕੇ ਬੀਚ ਹੈ, ਫੱਕਰ ਮਾਹਿ ਸਭ ਜਾਣ। ਫੱਕਰ, ਰੱਬ ਵਿੱਚ ਭੇਦ ਨਾ, ਇੱਕੋ ਰੂਪ ਪਛਾਣ।ਫੱਕਰ ਗੁਰੂ ਕੇ ਮਿਲਤ ਹੀ, ਮੁਕਤਿ ਤੁਰਤ ਹੀ ਹੋਇ। ਸਿੱਖ ਗੁਰੂ ਮੇਂ ਮਿਲ ਗਇਆ, ਭੇਦ ਭ੍ਰਮ ਦੀਆ ਖੋਇ।
ਫੱਕਰ, ਸਰਬ ਕੋ ਆਪਾ ਦੇਖੇ।
ਭਿੰਨ ਆਪ ਤੇ ਔਰ ਨਾ ਪੇਖੇ।

ਕਹਿਣਾ ਸੁਣਨਾ ਸਭੋ ਡਿੱਠਾ।
ਇੱਕੋ ਇੱਕ ਬਤਾਵੇ ਪੋਥੀ ਚਿੱਠਾ।
ਦੂਜਾ ਹੋਰ ਨਾ ਕੋਈ ਕਹੇ। ਵੇਦ ਕਤੇਬ ਏਕ ਹੀ ਲਖੇ।

ਸੰਤ, ਮਹੰਤ ਅਰ ਅਉਤਾਰ।
ਸਭੋ, ਏਕ ਏਕ ਕਹੇ ਪੁਕਾਰ।
ਵੇਦ ਜਿਤਨੇ ਜਗਤ ਮੇਂ, ਲਾ ਕੇ ਦੇਖੋ ਅਰਥ।
ਏਕ ਬਿਨਾਂ ਦੂਜਾ ਨਹੀਂ, ਮੋਹਰਿ ਸਿੰਘ ਦੀ ਸ਼ਰਤ।ਮੋਹਰਿ ਸਿੰਘ ਦੀ ਸ਼ਰਤ, ਕਦੇ ਨਹੀਂ ਹੋਇਆ ਦੂਜਾ। ਆਪੇ ਸੇਵਕ ਹੋਇ, ਕਰੇ ਹੈ ਗੁਰ ਕੀ ਪੂਜਾ। ਦ੍ਵੈਤ ਦ੍ਰਸ ਜੋ ਪੁਰਸ਼ ਹੈ, ਅਤਿ ਹੀ ਦੁਖੀਆ ਹੋਇ। ਸੁੱਖ ਸਰੂਪ ਗਿਆਨੀ ਸਦਾ, ਭ੍ਰਮ ਨਹੀਂ ਜਿਸ ਕੋਇ।

**ਸਾਰਅੰਸ਼**: ਬਾਬਾ ਮੋਹਰਿ ਸ਼ਿੰਘ ਦਾ ਫਕਰ ਸਿੱਖੀ ਵਿਚ ਬ੍ਰਹਮਗਿਆਨੀ ਵਾਂਗ ਹੈ। ਸੰਖੇਪ ਤੌਰ ਤੇ ਫਕਰ ਦਵੈਤ ਰਹਿਤ, ਸਮਦਰਸ਼ੀ ਹੈ। ਉਸਦਾ ਕੋਈ ਨਿਸ਼ਚਤ ਵਰਣ, ਰੰਗ, ਰੂਪ ਜਾਂ ਨਿਸ਼ਾਨੀ ਨਹੀਂ। ਇਕ ਅਕਾਲ ਪੁਰਖ ਨੂੰ ਅਰਾਧਦਾ ਹੈ। ਪੱਥਰਾਂ ਤੇ ਮੜੀਆਂ-ਮਸਾਣਾ ਨੂੰ ਨਹੀਂ ਪੂਜਦਾ। ਤੀਰਥਾਂ ਤੇ ਨਹੀਂ ਜਾਂਦਾ, ਵਰਤ ਨਹੀਂ ਰਖਦਾ, ਪਖੰਡ ਨਹੀਂ ਕਰਦਾ, ਮੰਗਣ ਨਹੀਂ ਜਾਂਦਾ, ਅਤੇ ਕਿਸੇ ਨੂੰ ਸੁਆਲ ਨਹੀਂ ਕਰਦਾ। ਉਹ ਬੇਨਿਆਜ਼ੀ, ਬੇਮੁਹਤਾਜ, ਅਤੇ ਸਵੈ ਅਭਿਮਾਨੀ ਹੈ। ਸਾਧਨਾ ਕਰਨ ਕਰਕੇ ਉਹ ਆਵਾਗੌਣ ਵਿਚ ਨਹੀਂ ਪੈਂਦਾ। ਉਸ ਨੂੰ ਪੰਜ ਕਲੇਸ਼ ਤੇ ਤਿੰਨ ਪਾਪ ਨਹੀਂ ਪੋਂਹਦੇ, ਧਰਮਰਾਇ ਨੂੰ ਲੇਖਾ ਨਹੀਂ ਦੇਣਾ ਪੈਂਦਾ, ਅਤੇ ਪਾਪ-ਪੁੰਨ ਦੇ ਅਸਰ ਤੋਂ ਮੁਕਤ ਹੈ। ਸਹਿਜ ਅਵਸਥਾ ਵਿਚ ਸਿਰਜਨਹਾਰ ਨਾਲ ਵਿਤਕਰੇ ਤੋਂ ਦੂਰ ਹੋਣ ਕਰਕੇ ਦੇਹ ਤੋਂ ਉਪਰ ਉੱਠ ਕੇ ਅਕਾਲ ਪੁਰਖ ਦਾ ਰੂਪ ਹੋ ਜਾਂਦਾ ਹੈ।

## ਸਾਹਿਬਜ਼ਾਦਿਆਂ ਵਲੋਂ ਸੂਬੇ ਨੂੰ -

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)
ਵਟਸਐਪ: +91 98728 60488



ਸਾਡੀ ਚਲੀ ਜਾਵੇ ਭਾਵੇਂ ਜਿੰਦ ਜਾਨ ਸੂਬਿਆ।
ਅਸੀਂ ਕਰੀਏ ਨਾ ਈਨ ਪਰਵਾਨ ਸੂਬਿਆ।

ਅਸੀਂ ਗੋਬਿੰਦ ਦੇ ਪੁੱਤ ਗੁਜਰੀ ਦੇ ਲਾਲ ਹਾਂ,
ਸਦਾ ਮਜ਼ਲੂਮਾਂ ਲਈ ਬਣ ਜਾਂਦੇ ਢਾਲ ਹਾਂ।
ਸਾਡਾ ਵਿਕਦਾ ਨਹੀਂ ਧਰਮ ਈਮਾਨ ਸੂਬਿਆ
ਅਸੀਂ...

ਅਸੀਂ ਤੇਰਿਆਂ ਮੁਕਾਇਆਂ ਏਦਾਂ ਨਹੀਂਉਂ ਮੁੱਕਣਾ,
ਇਹ ਸ਼ਹਾਦਤਾਂ ਦਾ ਬੂਟਾ ਕਦੇ ਨਹੀਉਂ ਸੁੱਕਣਾ।
ਤੇਰਾ ਮਿਟ ਜਾਣਾ ਨਾਮ ਤੇ ਨਿਸ਼ਾਨ ਸੂਬਿਆ
ਅਸੀਂ...

ਅਸੀਂ ਸਿੱਖੀ ਵਾਲੇ ਮਹਿਲ ਨੂੰ ਪੱਕਾ ਬਣਾਵਾਂਗੇ,
ਇਹਦੀ ਨੀਂਹ ਵਿੱਚ ਰੱਤ ਆਪਣੀ ਚੁਆਵਾਂਗੇ।
ਸਾਡੀ ਜੱਗ ਉਤੇ ਰਹਿਣੀ ਉੱਚੀ ਸ਼ਾਨ ਸੂਬਿਆ
ਅਸੀਂ...

ਕਦੇ ਸਿੰਘ ਸਰਦਾਰ ਸਰਹੰਦ ਆਉਣਗੇ,
ਜਿਹੜੇ ਇੱਟ ਨਾਲ ਇੱਟ ਇਹਦੀ ਖੜਕਾਉਣਗੇ।
ਸਾਡਾ ਦੁਨੀਆਂ 'ਚ ਝੂਲੂਗਾ ਨਿਸ਼ਾਨ ਸੂਬਿਆ
ਅਸੀਂ...

ਅਸੀਂ ਬੋਲੇ ਸੋ ਨਿਹਾਲ ਦੇ ਜੈਕਾਰੇ ਲਾਵਾਂਗੇ,
ਲਾੜੀ ਮੌਤ ਨੂੰ ਵੀ 'ਦੀਸ਼' ਹੱਸ ਕੇ ਵਿਆਵਾਂਗੇ।
ਅਸਾਂ ਧਰਮ ਤੋਂ ਹੋਣਾ ਕੁਰਬਾਨ ਸੂਬਿਆ
ਅਸੀਂ ਕਰੀਏ ਨਾ ਈਨ ਪਰਵਾਨ ਸੂਬਿਆ।

## ਦਸਮੇਸ਼ ਜੀ

## ਅਨੰਦਪੁਰੀ ਨੂੰ ਪਾਤਿਸ਼ਾਹ ਛੱਡ ਚੱਲੇ

ਸਰਦਾਰ ਗੁਰਜੰਟ ਸਿੰਘ, ਬਰਨਾਲਾ (ਭਾਰਤ) +91 98153-77100



ਅਨੰਦਪੁਰੀ ਨੂੰ ਪਾਤਿਸ਼ਾਹ ਛੱਡ ਚੱਲੇ,
ਤੁਰੇ ਕਾਫ਼ਲਾ ਸਣੇ ਪਰਿਵਾਰ ਲੈ ਕੇ।
ਸ਼ਸ਼ਤਰ ਸਾਸ਼ਤਰ ਸੀ ਕੁਝ ਕੁ ਨਾਲ ਚੁੱਕੇ,
ਭੱਥਾ ਤੀਰ ਤੇ ਹੱਥ ਤਲਵਾਰ ਲੈ ਕੇ।

ਸੁੱਖਾਂ ਨਾਲ ਤੂੰ ਵਸਦੀ ਰਹਿ ਪੁਰੀਏ,
ਅਨੰਦਪੁਰੀ ਨੂੰ ਜਾਂਦੇ ਵਰਦਾਨ ਦਿੱਤੇ।
ਧਨ ਦੌਲਤਾਂ ਸ਼ੌਹਰਤਾਂ ਛੱਡ ਚੱਲੇ,
ਝੰਡੇ ਪੰਥ ਦੇ ਹੱਥ ਨਿਸ਼ਾਨ ਦਿੱਤੇ।

ਦੁੱਖ ਓੜ ਕੇ ਹਿੰਦ ਦੇ ਲੈ ਚੱਲੇ,
ਕਰਤੇ ਪੁਰਖ ਦਾ ਹੁਕਮ ਵਜਾ ਚੱਲੇ।
ਉੱਚੀ ਬੋਲ ਕੇ 'ਸੋ ਨਿਹਾਲੁ' ਕਹਿ ਕੇ,
ਡੱਗਾ ਉੱਤੇ ਨਗਾਰੇ ਦੇ ਲਾ ਚੱਲੇ।

ਬਿਜਲੀ ਚਮਕਦੀ ਠੰਢ ਨੇ ਕਹਿਰ ਢਾਹਿਆ,
ਭਾਵੀ ਆਪਣਾ ਰੰਗ ਵਿਖਾਉਣ ਲੱਗੀ।
ਚਾਰੇ ਪਾਸਿਓਂ ਘੁੱਪ ਹਨੇਰ ਛਾਇਆ,
ਸਰਸਾ ਉਡੀਕਦੀ ਅੱਗੋਂ ਬੁਲਾਉਣ ਲੱਗੀ

ਪੈੜਾਂ ਪੈ ਗੀਆਂ ਵਹਿ ਗੀਆਂ ਅਮਰ ਲੀਹਾਂ,
ਜਿਹੜੇ ਰਾਹਾਂ ਨੂੰ ਪਾਤਿਸ਼ਾਹ ਹੋ ਚੱਲੇ।
ਦੋ ਦਿਨਾਂ ਨੂੰ ਅੱਗੇ ਕੀ ਹੋਣ ਵਾਲਾ,
ਦਰਦ ਸੀਨੇ ਦੇ ਵਿੱਚ ਲਕੋਅ ਚੱਲੇ।

ਤੁਰ ਚੱਲਿਆ ਕਾਫ਼ਲਾ ਵਹਿਣ ਔਖੇ,
ਭਾਵੀ ਹੋਣੀਏਂ ਏਹ ਕੀ ਵਰਤਾਉਣ ਲੱਗੀ?
ਕਾਤੀ ਕਹਿਰੀਏ ਚੰਦਰੀਏ ਭੋਲ਼ੀਏ ਨੀਂ,
ਕਲਗ਼ੀ ਵਾਲੇ ਦਾ ਸਿਦਕ ਅਜਮਾਉਣ ਲੱਗੀ॥

ਝੋਕ ਛੰਦ – ਸਾਕਾ ਚਾਂਦਨੀ ਚੌਕ

ਦੇਖੋ ਕਿੰਝ ਸਿੱਖ ਗੁਰੂ ਦੇ, ਸਿਰੜ ਨਿਭਾਉਂਦੇ ਨੇ

ਸਰਦਾਰ ਜਸਵਿੰਦਰ ਸਿੰਘ ਰੁਪਾਲ, ਲੁਧਿਆਣਾ (ਭਾਰਤ)



1. ਨਾਮ ਨਾਲ ਸਾਂਝ ਜਿਨ੍ਹਾਂ ਦੀ, ਹੀਰੇ ਅਨਮੋਲ ਜੀ। ਬਾਣੀ ਨਾਲ ਪ੍ਰੇਮ ਗੂੜ੍ਹਾ, ਮੁੱਖ ਤੋਂ ਰਹੇ ਬੋਲ ਜੀ।
ਸਤਿਗੁਰ ਦੀ ਸਿੱਖਿਆ ਰੱਖਣ, ਹਿਰਦੇ ਦੇ ਕੋਲ ਜੀ। ਝੱਖੜ ਤੂਫ਼ਾਨਾਂ ਕੋਲੋਂ, ਕਿੱਥੇ ਘਬਰਾਉਂਦੇ ਨੇ ?
ਦੇਖੋ ਕਿੰਝ ਸਿੱਖ ਗੁਰੂ ਦੇ, ਸਿਰੜ ਨਿਭਾਉਂਦੇ ਨੇ। ਸਾਹਾਂ ਤੱਕ ਨਿਭਦੀ ਜਾਏ।

2. ਨੌਵੇਂ ਗੁਰਾਂ ਨੂੰ ਜਾਲਮ, ਪਿੰਜਰੇ ਵਿੱਚ ਪਾਇਆ ਸੀ। ਲਾਲਚ ਡਰਾਵੇ ਦੇ ਕੇ, ਪਰਖਣਾ ਚਾਹਿਆ ਸੀ।
ਪ੍ਰੇਮੀ ਗੁਰਸਿੱਖਾਂ ਤਾਈਂ, ਸਾਹਵੇਂ ਬੁਲਾਇਆ ਸੀ। ਮਾਰਨਾ ਗੁਰ ਦੇ ਅੱਗੇ, ਹਾਕਮ ਇਹ ਚਾਹੁੰਦੇ ਨੇ।
ਦੇਖੋ ਕਿੰਝ ਸਿੱਖ ਗੁਰੂ ਦੇ ਸਿਰੜ ਨਿਭਾਉਂਦੇ ਨੇ। ਕਿੱਥੋਂ ਤੱਕ ਜ਼ੁਲਮ ਸਹਿਣਗੇ।

3. ਲੱਕੜ ਦੇ ਢਾਂਚੇ ਦੇ ਵਿੱਚ ਸਿੱਖ ਤਾਈਂ ਬੰਨ੍ਹਿਆ ਸੀ। ਜ਼ੁਲਮ ਦਾ ਭਾਂਡਾ ਉਹਦੇ ਸਿਰ ਤੇ ਹੀ ਭੰਨਿਆ ਸੀ।
ਸੱਚੇ ਸਿੱਖ ਮਤੀ ਦਾਸ ਨੇ ਭਾਣਾ ਹੀ ਮੰਨਿਆ ਸੀ। ਸੀਸ ਤੇ ਆਰਾ ਚਲਦਾ ਬੁੱਲ ਮੁਸਕਾਉਂਦੇ ਨੇ।
ਦੇਖੋ ਕਿੰਝ ਸਿੱਖ ਗੁਰੂ ਦੇ ਸਿਰੜ ਨਿਭਾਉਂਦੇ ਨੇ। ਮੁੱਖੋਂ ਸਿੱਖ ਗਾਵੇ ਬਾਣੀ।

4. ਦੂਜੇ ਸਿੱਖ ਸਤੀਦਾਸ ਦੀ ਵਾਰੀ ਹੁਣ ਆਈ ਸੀ। ਦੇਹੀਰੂੰ ਵਿਚਲਪੇਟ ਕੇ,ਅਗਨੀ ਲਗਾਈ ਸੀ।
ਸੜ ਗਿਆ ਸਰੀਰ ਸਾਰਾ, ਵਿਹੰਦੀ ਲੋਕਾਈ ਸੀ। ਲੋਕੀ ਤੱਕ ਨੈਣਾਂ ਵਿੱਚੋਂ ਨੀਰ ਵਹਾਉਂਦੇ ਨੇ।

ਦੇਖੋ ਕਿੰਝ ਸਿੱਖ ਗੁਰੂ ਦੇ ਸਿਰੜ ਨਿਭਾਉਂਦੇ ਨੇ। ਡੋਲਿਆ ਨਾ ਸਤੀਦਾਸ ਵੀ।

5. ਦੇਗੇ ਵਿੱਚ ਪਾ ਕੇ ਪਾਣੀ ਕਾਫੀ ਉਬਾਲਿਆ ਸੀ। ਭਾਈ ਦਿਆਲੇ ਤਾਈਂ ਇਸ ਵਿਚ ਬਿਠਾਲਿਆ ਸੀ।
ਐਪਰ ਇਸ ਸਿੱਖ ਨੇ ਵੀ ਤਾਂ ਧਰਮ ਹੀ ਪਾਲਿਆ ਸੀ। ਦੇਗੇ ਦੇ ਹੇਠਾਂ ਅਗਨੀ ਤੇਜ ਜਲਾਉਂਦੇ ਨੇ।
ਦੇਖੋ ਕਿੰਝ ਸਿੱਖ ਗੁਰੂ ਦੇ ਸਿਰੜ ਨਿਭਾਉਂਦੇ ਨੇ। ਸਤਿਗੁਰ ਦਾ ਮਿਲੇ ਥਾਪੜਾ।


6. ਹੁੰਦੇ ਜਿਵੇਂ ਮਾਪਿਆਂ ਤਾਈਂ ਲਾਲ ਪਿਆਰੇ ਨੇ। ਸਿੱਖਾਂ ਤੋਂ ਸੱਚੇ ਸਤਿਗੁਰ ਜਾਂਦੇ ਬਲਿਹਾਰੇ ਨੇ।
ਸਿੱਖੀ ਆਕਾਸ਼ ਦੇ ਅੰਦਰ ਚਮਕਣ ਸਿਤਾਰੇ ਨੇ। ਕੰਡਿਆਲੇ ਰਾਹਾਂ ਉੱਤੇ ਚੱਲ ਕੇ ਦਿਖਾਉਂਦੇ ਨੇ।
ਦੇਖੋ ਕਿੰਝ ਸਿੱਖ ਗੁਰੂ ਦੇ ਸਿਰੜ ਨਿਭਾਉਂਦੇ ਨੇ। ਹੋ ਗਏ ਕੁਰਬਾਨ ਕੌਮ ਤੋਂ।

7. ਹਾਕਮ ਸੀ ਦੀਨ ਮਨਾਉਣੀ ਸਤਿਗੁਰ ਤੋਂ ਚਾਂਹਵਦਾ। ਇਸੇ ਲਈ ਸਿੱਖਾਂ ਉੱਤੇ ਜ਼ੁਲਮ ਵਧਾਂਵਦਾ।
ਕੰਬੇਗਾ ਤੇਗ ਬਹਾਦਰ ਲੱਖਣ ਪਏ ਲਾਂਵਦਾ। ਸਤਿਗੁਰ ਤਾਂ ਦਾਤੇ ਦਾ ਲੱਖ ਸ਼ੁਕਰ ਮਨਾਉਂਦੇ ਨੇ।
ਦੇਖੋ ਕਿੰਝ ਸਿੱਖ ਗੁਰੂ ਦੇ ਸਿਰੜ ਨਿਭਾਉਂਦੇ ਨੇ। ਸਤਿਗੁਰ ਨੂੰ ਮਾਣ ਇਹਨਾਂ ਤੇ।

8. ਸਿੱਖੀ ਦੀ ਸਿੱਖਿਆ ਇਹਨਾਂ ਰੂਹ ਤੋਂ ਕਮਾਈ ਸੀ। ਕੇਸਾਂ ਸਵਾਸਾਂ ਦੇ ਸੰਗ ਤੋੜ ਨਿਭਾਈ ਸੀ।
ਸਿੱਖੀ ਦੇ ਦੀਵੇ ਅੰਦਰ ਅਪਣੀ ਰੱਤ ਪਾਈ ਸੀ। ਯੁੱਗਾਂ ਤੱਕ ਯਾਦ ਰਹਿਣ ਜੋ ਪੂਰਨੇ ਪਾਉਂਦੇ ਨੇ।
ਦੇਖੋ ਕਿੰਝ ਸਿੱਖ ਗੁਰੂ ਦੇ ਸਿਰੜ ਨਿਭਾਉਂਦੇ ਨੇ। ਆਪਾਂ ਵੀ ਸੇਧ ਲੈ ਲੀਏ।

9. ਦਿੱਲੀ ਦੇ ਦਿਲ ਦੇ ਅੰਦਰ ਹੋਇਆ ਇਹ ਸਾਕਾ ਜੀ। ਚਾਂਦਨੀ ਚੌਕ ਦਾ ਇਹ ਜਾਣੋ ਇਲਾਕਾ ਜੀ।
ਸਿੱਖੀ ਇਤਿਹਾਸ ਦਾ ਇੱਕ ਅਮਿੱਟ ਇਹ ਖਾਕਾ ਜੀ। ਦੇਸ਼ਾਂ ਵਿਦੇਸ਼ਾਂ ਦੇ ਸਿੱਖ ਸੀਸ ਨਿਵਾਉਂਦੇ ਨੇ।
ਦੇਖੋ ਕਿੰਝ ਸਿੱਖ ਗੁਰੂ ਦੇ ਸਿਰੜ ਨਿਭਾਉਂਦੇ ਨੇ। ਸੀਸ ਗੰਜ ਬਣਿਆ ਉੱਥੇ।

10. ਆਓ ਸਭ ਰਲ ਕੇ ਇੱਥੇ ਕਰੀਏ ਨਮਸਕਾਰ ਜੀ। ਡੁੱਲੇ ਹੋਏ ਖ਼ੂਨ ਦਾ ਸਾਡੇ ਸਿਰ ਉੱਤੇ ਭਾਰ ਜੀ।
ਕਿੱਦਾਂ ਇਹ ਕਰਜ ਲਹੇਗਾ ਕਰੀਏ ਵਿਚਾਰ ਜੀ। ਸ਼ਰਧਾ ਦੇ ਸ਼ਬਦ ਅਸਾਨੂੰ ਲਿਖਣੇ ਨਾ ਆਉਂਦੇ ਨੇ।
ਦੇਖੋ ਕਿੰਝ ਸਿੱਖ ਗੁਰੂ ਦੇ ਸਿਰੜ ਨਿਭਾਉਂਦੇ ਨੇ। ਰੱਖੀਏ ਸਦਾ ਯਾਦ ਉਨ੍ਹਾਂ ਨੂੰ।




A Lecture based on **52 Hukams** of Guru Gobind Singh Ji
**https://www.youtube.com/watch?v=H_9CWnxG02A&t=51s**

## A.I. (Artificial Intelligence) ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਇਸ ਦਾ ਪੰਜਾਬੀ ਸੱਭਿਆਚਾਰ ਉੱਤੇ ਪ੍ਰਭਾਵ : ਭਾਗ – (3)

ਡਾ. ਦੇਵਿੰਦਰ ਪਾਲ ਸਿੰਘ, ਮਿਸੀਸਾਗਾ (ਕੈਨੇਡਾ)



(A.I.) ਏ.ਆਈ. ਸਿਸਟਮ ਪੰਜਾਬੀ ਭਾਸ਼ਾ ਅਤੇ ਸੱਭਿਆਚਾਰਕ ਤੱਤਾਂ ਨੂੰ ਗਲਤ ਢੰਗ ਨਾਲ ਵੀ ਪੇਸ਼ ਕਰ ਸਕਦੇ ਹਨ। ਜੇ ਐਲਗੋਰਿਦਮ ਨੂੰ ਸਹੀ ਤੇ ਵਿਆਪਕ ਜਾਣਕਾਰੀ ਉਪਲਬਧ ਨਹੀਂ ਤਾਂ ਉਹ ਅਜਿਹੀ ਸਮੱਗਰੀ ਮੁਹਈਆ ਕਰਵਾ ਸਕਦੇ ਹਨ ਜੋ ਰੂੜ੍ਹੀਵਾਦੀ ਧਾਰਨਾਵਾਂ ਦੀ ਪ੍ਰੋੜਤਾ ਕਰਦੀ ਹੋਵੇ, ਜਿਸ ਨਾਲ ਸੱਭਿਆਚਾਰਕ ਰਵਾਇਤਾਂ ਅਤੇ ਕਦਰਾਂ-ਕੀਮਤਾਂ ਨੂੰ ਕਮਜ਼ੋਰ ਕਰਨਾ ਜਾਂ ਵਿਗਾੜਣਾ ਸੰਭਵ ਹੋ ਸਕਦਾ ਹੈ। ਜਿਸ ਕਾਰਣ ਵੰਨ-ਸੁਵੰਨਤਾ ਨੂੰ ਖ਼ਤਮ ਕਰ ਸਕਦੀਆਂ ਹਨ ਅਤੇ ਅਸੀਂ ਪੰਜਾਬੀ ਸੱਭਿਆਚਾਰ ਦੇ ਵਿਲੱਖਣ ਪਹਿਲੂਆਂ ਨੂੰ ਗੁਆ ਲਵਾਂਗੇ, ਕਿਉਂਕਿ ਇਹ ਸਿਸਟਮ ਪ੍ਰਮੁੱਖ ਸੱਭਿਆਚਾਰ ਸੰਬੰਧਤ ਸਮੱਗਰੀ ਦਾ ਹੀ ਪ੍ਰਚਾਰ ਤੇ ਪ੍ਰਸਾਰ ਕਰ ਰਹੇ ਹੋਣਗੇ।

ਇਹ ਸਿਸਟਮ ਜੇ ਪੱਖਪਾਤੀ ਗਿਆਨ ਉੱਤੇ ਸਿਖਲਾਈ ਪ੍ਰਾਪਤ ਹੈ ਤਾਂ ਉਹ ਬਿਰਤਾਂਤਾਂ ਬਾਰੇ ਪੱਖਪਾਤ ਵਿਚਾਰਾਂ ਦਾ ਪ੍ਰਸਾਰ ਕਰ ਸਕਦਾ ਹੈ। ਇੰਝ ਜੇ ਐਲਗੋਰਿਦਮ ਨਿਰਪੱਖ ਡੈਟਾ ਅਧਾਰਿਤ ਤਿਆਰ ਨਹੀਂ ਕੀਤੇ ਗਏ, ਤਾਂ ਉਹ ਮੌਜੂਦਾ ਪੱਖਪਾਤੀ ਰੁਝਾਣ ਨੂੰ ਵਧੇਰੇ ਪ੍ਰਬਲਤਾ ਬਖ਼ਸ਼ ਸਕਦੇ ਹਨ। ਸਵੈਚਾਲਿਤ ਮਸ਼ੀਨਾਂ ਦੇ ਵਿਕਾਸ ਨਾਲ ਇਹ ਕਈ ਉਦਯੋਗਾਂ ਵਿੱਚ ਮਨੁੱਖਾਂ ਲਈ ਨੌਕਰੀਆਂ ਦੇ ਖਾਤਮੇ ਦਾ ਕਾਰਣ ਬਣ ਸਕਦੀ ਹੈ। ਅਜਿਹੇ ਖੇਤਰ ਵਿੱਚ ਪੰਜਾਬੀ ਸੱਭਿਆਚਾਰ ਨਾਲ ਸਬੰਧਿਤ ਉਦਯੋਗ ਵੀ ਸ਼ਾਮਲ ਹਨ। ਇਨ੍ਹਾਂ ਯੰਤਰਾਂ ਦੁਆਰਾ ਵੱਡੇ ਪੱਧਰ ਉੱਤੇ ਪੈਦਾ ਕੀਤੀਆਂ ਗਈਆਂ ਤਬਦੀਲੀਆਂ ਰਵਾਇਤੀ ਕਿੱਤਿਆਂ, ਜਿਵੇਂ ਕਿ ਦਸਤਕਾਰੀ ਜਾਂ ਕਲਾਤਮਕ ਪ੍ਰਦਰਸ਼ਨਾਂ ਨੂੰ ਪ੍ਰਭਾਵਿਤ ਕਰ ਸਕਦੀਆ ਹਨ।

ਅਜਿਹਾ ਵਰਤਾਰਾ ਪੰਜਾਬੀ ਕਾਰੀਗਰਾਂ ਅਤੇ ਕਲਾਕਾਰਾਂ ਦੀ ਰੋਜ਼ੀ-ਰੋਟੀ ਨੂੰ ਪ੍ਰਭਾਵਿਤ ਕਰ ਸਕਦਾ ਹੈ। ਨਿੱਜੀ ਡੇਟਾ ਦਾ ਸੰਗ੍ਰਹਿ ਅਤੇ ਵਰਤੋਂ ਸੁਰੱਖਿਆ ਸੰਬੰਧਤ ਚਿੰਤਾਵਾਂ ਨੂੰ ਵਧਾਉਂਦਾ ਹੈ ਜੇ ਇਹ ਬਿਨ੍ਹਾਂ ਸਹਿਮਤੀ ਤੋਂ ਵਰਤਿਆ ਜਾਂਦਾ ਹੈ।

ਇਸ ਟੈਕਨਾਲੋਜੀ ਉੱਤੇ ਵੱਧਦੀ ਨਿਰਭਰਤਾ ਦੇ ਨਤੀਜੇ ਵਜੋਂ ਸੱਭਿਆਚਾਰ ਨਾਲ ਜੁੜੇ ਰਵਾਇਤੀ ਹੁਨਰ ਅਤੇ ਗਿਆਨ ਵਿੱਚ ਘਾਟ ਆ ਸਕਦੀ ਹੈ। ਜੇਕਰ ਇਹ ਪਰੰਪਰਾਗਤ ਤਰੀਕਿਆਂ ਦਾ ਬਦਲ ਬਣ ਜਾਵੇ ਤਾਂ ਪੀੜ੍ਹੀ ਦਰ ਪੀੜ੍ਹੀ ਚਲੀ ਆ ਰਹੇ ਹੁਨਰ, ਕਾਰੀਗਰੀ ਤੇ ਮੁਹਾਰਤ ਗੁਆਚ ਸਕਦੇ ਹਨ। ਇਨ੍ਹਾਂ ਨੁਕਸਾਨਾਂ ਨੂੰ ਘੱਟ ਕਰਨ ਲਈ ਵਿਕਾਸ ਅਤੇ ਪ੍ਰਸਾਰ ਕਾਰਜਾਂ ਵਿੱਚ ਪੰਜਾਬੀ ਭਾਈਚਾਰੇ ਦੀ ਸਰਗਰਮ ਸ਼ਮੂਲੀਅਤ ਜ਼ਰੂਰੀ ਹੈ। ਐਲਗੋਰਿਦਮ ਵਿੱਚ ਵਿਭਿੰਨਤਾ, ਨਿਰਪੱਖਤਾ ਅਤੇ ਨੈਤਿਕ ਵਿਚਾਰਾਂ ਨੂੰ ਉਤਸ਼ਾਹਿਤ ਕਰਨ ਦੇ ਨਾਲ ਨਾਲ ਸੱਭਿਆਚਾਰਕ ਅਧਿਕਾਰਾਂ ਅਤੇ ਨਿੱਜਤਾ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ  ਸੰਭਾਵੀ ਮਾੜੇ ਪ੍ਰਭਾਵਾਂ ਤੋਂ ਅਤੇ ਬਚਾਉਣ ਲਈ ਲਾਜ਼ਮੀ ਕਦਮ ਹਨ।

ਪੰਜਾਬੀ ਸੱਭਿਆਚਾਰ ਨੂੰ ਏ ਆਈ ਦੀਆਂ ਚੁਣੌਤੀਆਂ ਤੋਂ ਛੁਟਕਾਰਾ ਕਿਵੇਂ ਮਿਲੇ ?

ਅੱਜ ਲੋੜ ਹੈ ਕਿ ਅਸੀਂ ਪੰਜਾਬੀ ਸੱਭਿਆਚਾਰ ਦੇ ਵਿਭਿੰਨ ਪੱਖਾਂ, ਇਸ ਦੀਆਂ ਪਰੰਪਰਾਵਾਂ ਅਤੇ ਕਦਰਾਂ-ਕੀਮਤਾਂ ਬਾਰੇ ਸਹੀ ਪ੍ਰਸਾਰ ਵੱਲ ਧਿਆਨ ਦੇਈਏ। ਭਾਈਚਾਰਕ ਸਾਂਝ ਅਤੇ ਸਹਿਯੋਗ ਨੂੰ ਉਤਸ਼ਾਹਿਤ ਲਰਨ ਲਈ਼ ਉਚਿਤ ਕਦਮ ਉਠਾਉਣ ਦੀ ਲੋੜੑ ਹੈ। ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸੱਭਿਆਚਾਰਕ ਸਮਾਗਮਾਂ, ਵਰਕਸ਼ਾਪਾਂ, ਅਤੇ ਸੈਮੀਨਾਰਾਂ ਆਦਿ ਦਾ ਆਯੋਜਨ ਕਰਨਾ ਲਾਹੇਵੰਦ ਹੋ ਸਕਦਾ ਹੈ। ਨੈਤਿਕ ਗੁਣਾਂ ਅਧਾਰਿਤ ਸਿਸਟਮਾਂ ਦੇ ਵਿਕਾਸ ਤੇ ਪ੍ਰਸਾਰ ਨੂੰ ਉਤਸ਼ਾਹਿਤ ਕਰ ਕੇ ਵਿਭਿੰਨਤਾ ਅਤੇ ਨਿਰਪੱਖਤਾ ਸੰਭਵ ਹੋ ਸਕਗੀ।ਸੰਭਾਵੀ ਪੱਖਪਾਤ ਅਤੇ ਵਿਤਕਰੇ ਬਾਰੇ ਜਾਗਰੂਕਤਾ ਪੈਦਾ ਕਰ ਕੇ ਐਲਗੋਰਿਦਮ ਪੰਜਾਬੀ ਸੱਭਿਆਚਾਰ ਨੂੰ ਬਿਨ੍ਹਾਂ ਨੁਕਸ ਦੇ ਸਹੀ ਰੂਪ ਦਿ ਤਾ ਜਾ ਸਕਦਾ ਹੈ। ਇਸ ਤਕਨਾਲੋਜੀਆਂ ਦੇ ਵਿਕਾਸ ਤੇ ਪ੍ਰਸਾਰ ਲਈ ਸਾਨੂੰ ਖੋਜੀਆਂ, ਇੰਜੀਨੀਅਰਾਂ ਅਤੇ ਨੀਤੀ ਘਾੜ੍ਹਿਆਂ ਨਾਲ ਸੰਬੰਧ ਕਰਨੇ ਹੋਣਗੇ ਤਾਂ ਜੋ ਇਹ ਸਿਸਟਮ ਸਾਡੀਆਂ ਸੱਭਿਆਚਾਰਕ ਲੋੜਾਂ ਅਤੇ ਕਦਰਾਂ-ਕੀਮਤਾਂ ਨਾਲ ਮੇਲ ਖਾਂਦੇ ਹੋਣ। ਵਿਭਿੰਨ ਸਿਸਟਮਾਂ ਬਾਰੇ ਇਨਪੁਟ ਅਤੇ ਫੀਡਬੈਕ ਦੇ ਕੇ ਅਸੀਂ ਡਿਜ਼ਾਈਨ, ਵਿਕਾਸ, ਪ੍ਰਸਾਰ ਅਤੇ ਵਰਤੋਂ ਨੂੰ ਪ੍ਰਭਾਵਿਤ ਕਰ ਸਕਦੇ ਹਾਂ।

ਅਸੀਂ ਆਪਣੇ ਸੱਭਿਆਚਾਰ ਦੀਆਂ ਲੋੜਾਂ ਅਤੇ ਸੰਦਰਭਾਂ ਨੂੰ ਬਿਹਤਰ ਢੰਗ ਨਾਲ ਅਨੁਕੂਲ ਬਣਾਉਣ ਲਈ ਏਆਈ ਤਕਨੀਕਾਂ ਦੇ ਸਥਾਨੀਕਰਨ ਲਈ ਕੰਮ ਕਰ ਸਕਦੇ ਹਾਂ। ਇਸ ਵਿੱਚ ਪੰਜਾਬੀ ਭਾਈਚਾਰੇ ਦੀਆ ਲੋੜ੍ਹਾਂ ਦੀ ਪੂਰਤੀ ਲਈ ਪੰਜਾਬੀ ਭਾਸ਼ਾ ਦੇ ਉਚਿਤ ਮਾਡਲਾਂ, ਡੇਟਾਸੈਟਾਂ ਅਤੇ ਐਪਲੀਕੇਸ਼ਨਾਂ ਦਾ ਵਿਕਾਸ ਕਰਨਾ ਹੋਵੇਗਾ।

ਇਸ ਗੱਲ ਵਲ ਵੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਕਿ ਭਾਸ਼ਾ ਦੀ ਖ਼ਾਸੀਅਤ ਅਤੇ ਸੱਭਿਆਚਾਰਕ ਵਿੱਲਖਣਤਾਵਾਂ ਦੀ ਹਿਫ਼ਾਜ਼ਤ ਹੋ ਸਕੇ।ਖੋਜ ਤੇ ਨਿਰਮਾਣ ਖੇਤਰਾਂ ਵਿੱਚ, ਪੰਜਾਬੀਆਂ ਅੰਦਰ ਉੱਦਮਤਾ ਅਤੇ ਨਵੀਆਂ ਖੋਜਾਂ ਨੂੰ ਉਤਸ਼ਾਹਿਤ ਕਰਦੇ ਹੋਏ, ਅਸੀਂ ਆਪਣੇ ਸੱਭਿਆਚਾਰ ਨੂੰ ਸਹੀ ਰੂਪ ਦੇ ਸਕਦੇ ਹੈ। ਇਹ ਕੰਮ ਕਰ ਰਹੇ ਪੰਜਾਬੀ ਮੇਲ ਖਾਂਦੀਆਂ ਤਕਨਾਲੋਜੀਆਂ ਵਿਚ ਵਾਧਾ ਅਤੇ ਪ੍ਰਚਲਿਤ ਰਵਾਇਤੀ ਹੁਨਰਾਂ ਦੀ ਸਿਖਲਾਈ ਕਰ ਸਕਦੇ ਹਨ।


ਸਿੱਟਾ :

A.I. ਵਿੱਚ ਬਹੁਤ ਤਰੱਕੀ ਹੋਈ ਹੈ ਜੋ ਸਾਡੇ ਜੀਵਨ ਵਿੱਚ ਦਾਖਿਲ ਹੋ ਚੁੱਕੀ ਹੈ। ਇਸ ਨੇ ਸਹੂਲਤ ਅਤੇ ਕੁਸ਼ਲਤਾ ਮੁਹਈਆ ਕਰਵਾਈ ਹੈ।ਹੌਲੀ-ਹੌਲੀ ਪੰਜਾਬੀ ਸੱਭਿਆਚਾਰ ਨੂੰ ਅਮੀਰ ਬਣਾ ਰਹੀ ਹੈ ਪਰ ਇਸ ਦੀ ਵਰਤੋਂ ਬਾਰੇ ਹੋਰ ਖੋਜ ਅਤੇ ਵਿਕਾਸ ਦੀ ਸੰਭਾਵਨਾ ਹੈ। ਇਸਂ ਨਾਲ ਪੰਜਾਬੀ ਸੱਭਿਆਚਾਰ ਵਿੱਚ ਵਾਪਰ ਰਹੀਆਂ ਤੇ ਭਵਿੱਖਮਈ ਸੰਭਾਵੀ ਤਬਦੀਲੀਆਂ ਨੂੰ ਧਿਆਨ ਨਾਲ ਵਿਚਾਰਨਾ ਜ਼ਰੂਰੀ ਹੈ। ਸੱਭਿਆਚਾਰਕ ਕਦਰਾਂ-ਕੀਮਤਾਂ ਦੀ ਸੰਭਾਲ ਦੇ ਨਾਲ ਨਾਲ ਇਨ੍ਹਾਂ ਉੱਤੇ ਨਵੀ਼ ਟੈਕਨਾਲੋਜੀ ਦੇ ਪ੍ਰਭਾਵਾਂ ਨੂੰ ਸੰਤੁਲਿਤ ਕਰਨਾ ਜ਼ਰੂਰੀ ਹੈ। ਪੰਜਾਬੀ ਸੱਭਿਆਚਾਰਕ ਮਾਹਿਰ ਆਪਣੀ ਸਰਗਰਮ ਸ਼ਮੂਲੀਅਤ ਰਾਹੀਂ ਇਹ ਯਕੀਨੀ ਬਣਾਉਣ ਵਿਚ ਅਹਿਮ ਰੋਲ ਅਦਾ ਕਰਨ ਤਾ ਕਿ ਸਾਡੀਆਂ ਸਭਿਆਚਾਰਕ ਕਦਰਾਂ ਕੀਮਤਾਂ ਵਿਚ ਵਾਪਰ ਰਹੀ ਜਾਂ ਸੰਭਾਵੀ ਕੋਈ ਵੀ ਤਬਦੀਲੀ ਪੰਜਾਬੀ ਤਰਜੀਹਾਂ ਨਾਲ ਮੇਲ ਖਾਂਦੀ ਹੋਵੇ।

Email: drdpsn@hotmail.com, Website: drdpisnghauthor.wordpress.com

## We are Proud of them

## Founder of the oldest Sikh Centre in Canada



The first and oldest Sikh centre in Canada, Paldi, was named by its founder Mayo (Maiya) Singh after his hometown in Punjab. It was a result of the extra-ordinary entrepreneurship of a Sikh in this country. He was popularly known as a 'Santa Claus' among the jobless who came from Punjab. Mayo Singh had helped more than 1,500 Punjabis, Sikhs and Chinese, to get work in the lumber industry in BC. In 1912, he set up his own lumber mill and became founder of the town named Paldi. A school was set up for children of the workers. The first Gurdwara there was opened by them in 1917 and it was renovated in 1928.

Of the few family members of Mayo Singh living in Paldi these days, his daughter-in-law, Joan Mayo, has authored a book "Paldi Remembered" to help preserve the its history. A hospital in India and an auditorium in a college near his birthplace are both named after him. A scholarship has been instituted in his memory at the University of Victoria, BC.

### WestJet's First Sikh Transport Pilot with *Dastaar*



**Sardar Hasandeep Singh Khural**, the first Sikh Pilot wearing *Dastaar* (Turban), was recently selected by WestJet Airlines Encore. He had earned the degree of Bachelor of Business Administration (BBA) in Aviation during 2012 – 2017 from the University of the Fraser Valley, Canada. He obtained Airline Transport Pilot License and Flight Instructor Rating from Transport Canada.

## Proud of our Sportspersons

### 'Youngest Champion in Judo' is a Sikh girl




Its a matter of pride that a daughter from the Sikh community namely Kanwarpreet Kaur has successfully clinched the official World Record for being the 'Youngest Champion in Judo' for both Junior and Senior Categories in the Commonwealth Judo Championship at Port Elizabeth, South Africa. Congratulations Kanwarpreet Kaur for this tremendous achievement. (Credits: Tribune)




### Standard Pistol Shooter Sardar Amanpreet Singh is World Champion 2023

The young Sikh won Gold Medal in the 25 meter Men's Pistol Shooting Competition held by the International Shooting Sports Federation (ISSF) - 2023 at Baku, Azerbaijan , beating 50 shooters.



# ਸਿੱਖੀ ਸਰੂਪ ਵਾਲੇ ਇੰਦਰ ਸਿੰਘ ਬਾਸੀ ਨੇ ਸਦਰਨ ਇੰਗਲੈਂਡ ਚੈਂਪੀਅਨਸ਼ਿਪ ਜਿੱਤੀ


ਲੰਡਨ, 25 ਜੁਲਾਈ (ਮਨਪ੍ਰੀਤ ਸਿੰਘ ਬੱਧਨੀ ਕਲਾਂ)-ਸਿੱਖੀ ਸਰੂਪ ਵਿਚ ਮੁੱਕੇਬਾਜ਼ੀ ਦੇ ਖੇਤਰ ਵਿਚ ਵੱਡੀਆਂ ਮੱਲਾਂ ਮਾਰ ਰਹੇ ਇੰਦਰ ਸਿੰਘ ਬਾਸੀ ਨੇ ਸਦਰਨ ਇੰਗਲੈਂਡ ਚੈਂਪੀਅਨਸ਼ਿਪ ਜਿੱਤ ਲਈ ਹੈ। ਬੀਤੇ ਦਿਨੀਂ ਲੰਡਨ ਦੇ ਯੌਰਕ ਹਾਲ ਵਿਚ ਹੋਏ ਪੇਸ਼ੇਵਰ ਮੁਕਾਬਲੇ ਵਿਚ ਇੰਦਰ ਸਿੰਘ ਬਾਸੀ ਇਹ ਮਾਣਮੱਤਾ ਖ਼ਿਤਾਬ ਜਿੱਤਣ ਵਾਲਾ ਪਹਿਲਾ ਸਿੱਖ ਖਿਡਾਰੀ ਬਣਿਆ ਹੈ। ਜ਼ਿਕਰਯੋਗ ਹੈ ਕਿ ਇੰਦਰ ਸਿੰਘ ਬਾਸੀ ਯੂ.ਕੇ. ਦੀ ਉੱਘੀ ਸਿੱਖ ਸ਼ਖਸੀਅਤ ਮੋਜਰ ਸਿੰਘ ਬਾਸੀ ਦਾ ਪੋਤਾ ਹੈ। ਕੇਸਾਧਾਰੀ ਹੋਣ ਕਰਕੇ ਇੰਦਰ ਸਿੰਘ ਬਾਸੀ ਨੂੰ ਮੁੱਕੇਬਾਜ਼ੀ ਮੁਕਾਬਲਿਆਂ ਵਿਚ ਨਿੱਤਰਨ ਲਈ ਅਦਾਲਤਾਂ ਦਾ ਦਰਵਾਜ਼ਾ ਵੀ ਖੜਕਾਉਣਾ ਪਿਆ ਸੀ। ਮਨਪ੍ਰੀਤ ਸਿੰਘ ਬੱਧਨੀ ਕਲਾਂ



ਇੰਦਰ ਸਿੰਘ ਬਾਸੀ ਜੇਤੂ ਬਿਲਟ ਨਾਲ।

ਤਸਵੀਰ: ਮਨਪ੍ਰੀਤ ਸਿੰਘ ਬੱਧਨੀ ਕਲਾਂ

## Young Gurkirat Singh, a Sikh boy shines in the Under-21 (u-21) hockey team in the United States




**Sardar Gurkirat Singh**, a student from Sacramento, California (USA), has been selected in the **U.S. Under-21** hockey team. He started his training at the Chandigarh Hockey Academy before migrating to the United States. His selection will be a source of inspiration to other youngsters. (News source : Rozana Spokesman)

## ਗੰਭੀਰ ਸਮੱਸਿਆ ਬਣਿਆ ਬਾਂਝਪਣ : ਭਾਗ (2)
## (ਕੁਝ ਜ਼ਰਖੇਜ਼ੀ ਕਲੀਨਿਕਾਂ ਦੇ ਘਿਨਾਉਣੇ ਸੱਚ)

ਪ੍ਰੋਫ਼ੈਸਰ ਡਾ. ਜੈ ਰੂਪ ਸਿੰਘ (ਭਾਰਤ)

(ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ, ਅਤੇ ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ)



**5 ਫ਼ਰਵਰੀ 2022 ਨੂੰ ਆਇਰਿਸ਼ ਟਾਈਮਜ਼** ਅਖ਼ਬਾਰ ਨੇ ਖ਼ਬਰ ਦਿੱਤੀ ਕਿ ਹਾਲੈਂਡ ਦੇ ਨਾਰੀ ਰੋਗ ਦੇ ਇਕ ਮਾਹਿਰ ਡਾਕਟਰ ਕੋਲ 21 ਔਰਤਾਂ ਨੂੰ, ਜੋ ਬਾਂਝਪਣ ਦੇ ਇਲਾਜ ਲਈ ਆਈਆਂ ਸਨ, ਆਪਣੇ ਹੀ ਸ਼ੁਕਰਾਣੂਆਂ ਨਾਲ ਗਰਭਵਤੀਆਂ ਕਰ ਦਿੱਤਾ। ਹਾਲੈਂਡ ਦੇ ਹੀ ਇਕ ਗ਼ੈਰ-ਸਰਕਾਰੀ ਸੰਗਠਨ ‘ਡੌਨਰ ਚਾਈਲਡ’ ਨੇ 2019 ਤੋਂ 2020 ਦੌਰਾਨ, ਸਰਕਾਰੀ ਤੇ ਗ਼ੈਰ-ਸਰਕਾਰੀ ਹਸਪਤਾਲਾਂ ਵਿਚ 60 ਤੋਂ ਵੱਧ ਬਾਂਝਪਣ ਨਾਲ ਸਬੰਧਤ ਅਜਿਹੇ ਘਪਲਿਆਂ ਨੂੰ ਉਜਾਗਰ ਕੀਤਾ ਹੈ।

ਲਾਈਡਨ ਸ਼ਹਿਰ ਦੇ ਇਕ ਉੱਘੇ ਹਸਪਤਾਲ ਵਿਚ ਮਸ਼ਹੂਰ ਡਾ. ਜੌਂਸ ਬੀਕ (ਜਿਸ ਦੀ 2019 ਵਿਚ ਮੌਤ ਹੋ ਗਈ ਸੀ) ਨੇ 1973 ਤੋਂ 1998 ਦੌਰਾਨ ਕਈ ਬਾਂਝ ਔਰਤਾਂ ਦਾ ਇਲਾਜ ਕੀਤਾ। ਇਨ੍ਹਾਂ ਦੇ ਬੱਚਿਆਂ ਦੇ ਡੀ.ਐੱਨ.ਏ. ਦੀ ਛਾਣਬੀਣ ਤੋਂ ਇਹ ਪਤਾ ਲੱਗਿਆ ਕਿ 21 ਬੱਚੇ ਉਸ ਡਾਕਟਰ ਦੇ ਆਪਣੇ ਹੀ ਸਨ। 2019 ਦੀ ਇਕ ਰਿਪੋਰਟ ਅਨੁਸਾਰ, ਇਕ ਹੋਰ ਸ਼ਹਿਰ ਹੌਂਟਰਡੈਮ ਦੇ ਇਕ ਡਾਕਟਰ ਜਾਨ ਕਰਬਾਤ ਨੇ 49 ਬਾਂਝ ਔਰਤਾਂ ਨੂੰ ਆਪਣੇ ਹੀ ਸ਼ੁਕਰਾਣੂਆਂ ਨਾਲ ਗਰਭਵਤੀ ਕਰ ਦਿੱਤਾ ਤੇ ਅਨੁਮਾਨ ਇਹ ਲਾਇਆ ਜਾ ਰਿਹਾ ਹੈ ਕਿ ਇਹ ਗਿਣਤੀ 80 ਦੇ ਨੇੜੇ ਹੋ ਸਕਦੀ ਹੈ।

ਅਕਤੂਬਰ 2020 ਵਿਚ ਪਤਾ ਲਗਾ ਕਿ ਇਕ ਡਾ. ਜਾਨ ਵਿਲਡਸ਼ੂਟ ਨੇ ਵੀ 1980-1993 ਦੌਰਾਨ ਘੱਟੋ ਘੱਟ 17 ਬੱਚੇ ਪੈਦਾ ਕੀਤੇ। ਇਹ ਡਾਕਟਰ 2009 ਵਿਚ ਪੂਰਾ ਹੋ ਗਿਆ ਸੀ। ਇਸੇ ਤਰ੍ਹਾਂ, 9 ਨਵੰਬਰ 2021 ਦੀ ਬੀਬੀਸੀ ਦੀ ਖ਼ਬਰ ਮੁਤਾਬਕ, ਕੈਲੀਫ਼ੋਰਨੀਆ (ਅਮਰੀਕਾ) ਦੇ ਇਕ ਗੋਰੇ ਬਾਂਝ ਜੋੜੇ ਨੇ ਆਈ.ਵੀ.ਐੱਫ. ਰਾਹੀਂ ਆਪਣੇ ਹੀ ਆਂਡੇ ਤੇ ਵੀਰਜ ਰਾਹੀਂ ਬਾਂਝਪਣ ਦੂਰ ਕਰਵਾਇਆ। ਪਰ ਉਨ੍ਹਾਂ ਦਾ ਬੱਚਾ ਉਨ੍ਹਾਂ ਵਾਂਗ ਗੋਰਾ ਹੋਣ ਦੀ ਥਾਂ ਕਾਲਾ ਪੈਦਾ ਹੋ ਗਿਆ। ਡੀ.ਐੱਨ.ਏ. ਨੂੰ ਘੋਖਣ ’ਤੇ ਇਹ ਪਤਾ ਲੱਗਾ ਕਿ ਇਹ ਬੱਚਾ ਉਸ ਜੋੜੇ ਦਾ ਹੈ ਹੀ ਨਹੀਂ।

ਕਚਹਿਰੀ ਵਿਚ ਕੇਸ ਚੱਲਿਆ ਤਾਂ ਪਤਾ ਲੱਗਿਆ ਕਿ ਜਿਨ੍ਹੀਂ ਦਿਨੀਂ ਇਸ ਜੋੜੇ ਨੇ ਆਪਣੀ ਆਈ.ਵੀ.ਐੱਫ. ਕਰਵਾਈ ਸੀ ਉਨ੍ਹੀਂ ਦਿਨੀਂ ਇਕ ਹੋਰ ਜੋੜੇ ਨੇ ਵੀ ਆਪਣਾ ਇਹੋ ਜਿਹਾ ਇਲਾਜ ਕਰਵਾਇਆ ਸੀ। ਉਸ ਜੋੜੇ ਦੇ ਡੀ.ਐਨ.ਏ. ਟੈਸਟ ਤੋਂ ਪਤਾ ਲੱਗਾ ਕਿ ਇਹ ਬੱਚਾ ਪਹਿਲੇ ਜੋੜੇ ਦਾ ਹੈ। ਆਈ.ਵੀ. ਐੱਫ. ਦੌਰਾਨ ਭਰੂਣਾਂ ਦੀ ਅਦਲਾ ਬਦਲੀ ਹੋ ਗਈ ਸੀ। ਅਦਾਲਤ ਰਾਹੀਂ 4 ਮਹੀਨੇ ਬਾਅਦ ਬੱਚਿਆਂ ਦੀ ਅਦਲਾ-ਬਦਲੀ ਕੀਤੀ ਗਈ।

**'ਜਨੈਟਿਕ ਲਿਟਰੇਸੀ ਪ੍ਰਾਜੈਕਟ'** ਦੀ 2022/23 ਦੀ ਇਕ ਰਿਪੋਰਟ ਅਨੁਸਾਰ, ਇਕ ਅਮਰੀਕਨ ਡਾ. ਕੁਇੰਨਸੀ ਫੋਰਟੀਅਰ ਆਪ ਹੀ 24 ਬੱਚਿਆਂ ਦਾ ਵੀਰਜ ਦਾਤਾ ਸੀ। ਕੈਨੇਡਾ ਦੇ ਇਕ ਡਾ. ਨੌਰਮਨ ਬਾਰਵਿੰਨ ਤੇ ਉਸ ਦੇ ਇਲਾਜ ਕੀਤੇ ਬਾਂਝ ਜੋੜਿਆਂ ਨੇ ਮੁਕੱਦਮਾ ਕੀਤਾ ਕਿ ਇਹ ਡਾਕਟਰ ਆਪ ਹੀ ਉਨ੍ਹਾਂ ਜੋੜਿਆਂ ਦੇ 226 ਬੱਚਿਆਂ ਦਾ ਵੀਰਜ ਦਾਤਾ ਸੀ। ਇਸ ਮੁਕੱਦਮੇ ਵਜੋਂ ਉਸ ਡਾਕਟਰ ਨੇ ਇਕ ਕਰੋੜ ਡਾਲਰ ਦਾ ਹਰਜਾਨਾ ਉਨ੍ਹਾਂ ਪਰਿਵਾਰਾਂ ਨੂੰ ਦਿੱਤਾ। ਲੰਡਨ ਦਾ ਇਕ ਡਾ. ਬਰਟੋਲਡ ਵੀਸਨਰ ਤਕਰੀਬਨ 600 ਬਾਂਝ ਜੋੜਿਆਂ ਦਾ ਆਪ ਹੀ ਵੀਰਜ ਦਾਤਾ ਸੀ। ਅਮਰੀਕਾ ਵਿਚ 50 ਤੋਂ ਵੱਧ ਡਾਕਟਰ ਅਜਿਹੇ ਹਨ ਜਿਨ੍ਹਾਂ ਉੱਪਰ ਵੀਰਜ ਵਰਦਾਨ ਵਾਲੇ ਧੋਖਾਧੜੀ ਦੇ ਮੁਕੱਦਮੇ ਦਰਜ ਹਨ। ਡਾ. ਸੀਸਿਲ ਜੈਕੱਬਸਨ 'ਤੇ ਆਪਣੇ ਹੀ ਵੀਰਜ ਨਾਲ 75 ਔਰਤਾਂ ਨੂੰ ਗਰਭਵਤੀ ਬਣਾਉਣ ਦਾ ਦੋਸ਼ ਹੈ। ਵਰਮੌਂਟ ਦੇ ਇਕ ਡਾਕਟਰ ਨੂੰ ਸਾਢੇ 52 ਲੱਖ ਡਾਲਰ ਦਾ ਜੁਰਮਾਨਾ ਹੋਇਆ ਸੀ-ਇਹੋ ਜਿਹੇ ਚੱਕਰਾਂ ਵਿਚ ਹੀ। 27 ਜਨਵਰੀ 2022 ਦੀ ਇਕ ਖ਼ਬਰ ਅਨੁਸਾਰ, ਇੰਗਲੈਂਡ ਦੇ ਇਕ 66 ਸਾਲਾ ਰਿਟਾਇਰਡ ਟੀਚਰ ਨੇ ਫੇਸ ਬੁੱਕ ਰਾਹੀਂ ਉਹਦੇ ਵੀਰਜ ਦਾਨ ਨਾਲ ਪਿਛਲੇ 10 ਸਾਲਾਂ 'ਚ 129 ਬੱਚੇ ਪੈਦਾ ਕੀਤੇ ਹਨ।ਇੰਗਲੈਂਡ ਦੇ ਹੀ ਇਕ ਹੋਰ ਆਦਮ ਨੇ ਦੱਸਿਆ ਕਿ ਉਸ ਨੇ ਫੇਸ ਬੁੱਕ ਰਾਹੀਂ 50 ਪੌਂਡ ਪ੍ਰਤੀ ਬੱਚੇ ਵਾਸਤੇ ਤਕਰੀਬਨ 800 ਬੱਚਿਆਂ ਲਈ ਵੀਰਜ ਪ੍ਰਦਾਨ ਕੀਤਾ ਹੈ।

23 ਅਪਰੈਲ 2023 ਨੂੰ ਹਾਲੈਂਡ ਦੀ ਇਕ ਅਦਾਲਤ ਨੇ ਜੋਨੈਥੰਨ ਨਾਂ ਦੇ ਇਕ ਬੰਦੇ ਉੱਪਰ ਵੀਰਜ ਪ੍ਰਦਾਨ ਕਰਨ 'ਤੇ ਕਾਨੂੰਨੀ ਰੋਕ ਲਾ ਦਿੱਤੀ। ਹੁਕਮ ਦੀ ਉਲੰਘਣਾ ਕਰਨ 'ਤੇ ਉਸ ਨੂੰ ਇਕ ਲੱਖ ਯੂਰੋ (ਤਕਰੀਬਨ 90 ਲੱਖ ਰੁਪਏ) ਦਾ ਜੁਰਮਾਨਾ ਦੇਣਾ ਪਵੇਗਾ। ਹਾਲੈਂਡ ਦੇ ਕਾਨੂੰਨ ਮੁਤਾਬਕ ਇਕ ਮਰਦ ਵੱਧ ਤੋਂ ਵੱਧ 12 ਪਰਿਵਾਰਾਂ ਵਿਚ 25 ਵਾਰ ਆਪਣਾ ਵੀਰਜ ਦੇ ਸਕਦਾ ਹੈ ਪਰ ਜੈਨੇਥਨ ਦੇ ਵੀਰਜ ਬਦੌਲਤ 2007 ਤੋਂ ਬਾਅਦ ਹੀ ਹਾਲੈਂਡ ਤੇ ਹੋਰ ਕਈ ਮੁਲਕਾਂ ਵਿਚ 550 ਤੋਂ 600 ਬੱਚਿਆਂ ਨੇ ਜਨਮ ਲਿਆ।

ਇਹੋ ਜਿਹੇ ਕਾਰਨਾਮਿਆਂ ਨੂੰ ਠੱਲ੍ਹ ਪਾਉਣ ਲਈ ਕਈ ਮੁਲਕਾਂ ਦੀਆਂ ਸਰਕਾਰਾਂ ਕਾਨੂੰਨ ਬਣਾ ਰਹੀਆਂ ਹਨ। ਕੈਨੇਡਾ ਦੇ ਹੁਣ ਕਾਨੂੰਨ ਬਣਾ ਦਿੱਤਾ ਹੈ ਕਿ ਜਿੱਥੇ ਵੀ ਕਿਸੇ ਜ਼ਰਖੇਜ਼ੀ ਕਲੀਨਿਕ 'ਚ ਕਿਸੇ ਵੀ ਦਾਨੀ ਦੀ ਕੋਈ ਭੂਮਿਕਾ ਹੋਵੇਗੀ ਉਸ ਨੂੰ ਆਪਣੀ ਪੂਰੀ ਜਾਤੀ ਜਾਣਕਾਰੀ ਦੇਣੀ ਪਵੇਗੀ ਜਿਸ ਦਾ 10 ਸਾਲ ਤਕ ਰਿਕਾਰਡ ਰੱਖਿਆ ਜਾਵੇਗਾ। ਜਰਮਨੀ ਤੇ ਹਾਲੈਂਡ ਵਿਚ ਬੱਚੇ, 16 ਸਾਲ ਦੇ ਹੋਣ 'ਤੇ, ਕਾਨੂੰਨੀ ਤੌਰ 'ਤੇ ਆਪਣੇ ਵੀਰਜ ਦਾਤਾ ਜਾਂ ਅੰਡੇ-ਦਾਤੀ ਬਾਰੇ ਪਤਾ ਕਰ ਸਕਦੇ ਹਨ। ਇਜ਼ਰਾਈਲ ਇਹ ਕਾਨੂੰਨ ਬਣਾ ਰਿਹਾ ਹੈ ਕਿ ਸਾਰੇ ਵੀਰਜ ਦਾਨੀਆਂ ਦਾ ਰਿਕਾਰਡ ਰੱਖਿਆ ਜਾਵੇ ਤੇ ਇਕ ਵੀਰਜ ਦਾਤਾ ਸਿਰਫ਼ ਤਿੰਨ ਬੱਚਿਆਂ ਲਈ ਹੀ ਵੀਰਜ ਦਾਨ ਕਰ ਸਕੇਗਾ।

## ਬਾਂਝਪਣ ਦੂਰ ਕਰਨ ਵਾਲੇ ਕਲੀਨਿਕਾਂ ਦਾ ਖ਼ੁਫ਼ੀਆ ਮਾਹੌਲ

ਆਮ ਤੌਰ ’ਤੇ ਬਾਂਝਪਣ ਨੂੰ ਦੂਰ ਕਰਨ ਵਾਲੇ ਕਲੀਨਿਕਾਂ ਵਿਚ ਬਾਂਝ ਜੋੜਿਆਂ ਨਾਲ ਜੁੜੀਆਂ ਸਾਰੀਆਂ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਕਾਫ਼ੀ ਗੁਪਤ ਤੇ ਖ਼ੁਫ਼ੀਆ ਰੱਖੀ ਜਾਂਦੀ ਹੈ। ਜਿੱਥੇ ਸ਼ੁਕਰਾਣੂ ਜਾਂ ਆਂਡੇ ਪ੍ਰਦਾਨ ਕੀਤੇ ਹੋਣ ਤਾਂ ਬਾਂਝ ਜੋੜੇ ਨੂੰ ਵੀ ਉਨ੍ਹਾਂ ਦਾਨੀਆਂ ਬਾਰੇ ਕੁਝ ਵੀ ਨਹੀਂ ਦੱਸਿਆ ਜਾਂਦਾ। ਇਸ ਤਰ੍ਹਾਂ ਦੇ ਖ਼ੁਫ਼ੀਆ ਮਾਹੌਲ ਵਿਚ ਜਿੱਥੇ ਸਾਰੀ ਜਾਣਕਾਰੀ ਸਿਰਫ਼ ਕਲੀਨਿਕ ਦੇ ਡਾਕਟਰ ਜਾਂ ਇੰਚਾਰਜ ਨੂੰ ਹੀ ਪਤਾ ਹੋਵੇ ਉੱਥੇ ਉਸ ਡਾਕਟਰ/ਇੰਚਾਰਜ ਦੀ ਕਾਬਲੀਅਤ ਦੇ ਨਾਲ-ਨਾਲ, ਉਸ ਦਾ ਆਪਣਾ ਆਚਰਣ, ਆਚਾਰਕ ਤੇ ਸਦਾਚਾਰਕ ਪੈਮਾਨੇ ਕਿੰਨੇ ਸਥਿਰ, ਮਜ਼ਬੂਤ ਤੇ ਕਿੰਨੀ ਮਿਆਰ ਦੇ ਹਨ ਇਨ੍ਹਾਂ ਦਾ ਬਹੁਤ ਅਹਿਮ ਕਿਰਦਾਰ ਹੈ। ਕਈ ਵਾਰੀ ਆਪਣੀ ਚੰਗੇ ਨਤੀਜਿਆਂ ਦਾ ਅਕਸ ਬਰਕਰਾਰ ਰੱਖਣ ਲਈ ਕਈ ਡਾਕਟਰ ਅਸੂਲਾਂ ਤੋਂ ਥਿੜਕ ਜਾਂਦੇ ਹਨ। ਇਸ ਦਾ ਨਤੀਜਾ, ਅਨਭੋਲ ਬਾਂਝ-ਜੋੜਿਆਂ ਨੂੰ ਭੁਗਤਣਾ ਪੈਂਦਾ ਹੈ।

ਬਹੁਤੀ ਵਾਰ ਉਨ੍ਹਾਂ ਨੂੰ ਪਤਾ ਵੀਂ ਨਹੀਂ ਹੰਦਾ ਕਿ ਉਨ੍ਹਾਂ ਨਾਲ ਕੀ ਬੀਤੀ ਹੈ- ਜਿਨਸੀ ਪੱਧਰ ’ਤੇ! ਵਿਕਸਤ ਮੁਲਕਾਂ ਵਿਚ ਜਿੱਥੇ ਨੇਮ ਤੇ ਅਸੂਲ ਸਾਡੇ ਨਾਲੋਂ ਸਖ਼ਤ ਹਨ ਅਤੇ ਆਚਾਰਕ ਪੈਮਾਨੇ ਦੇ ਸਾਡੇ ਤੋਂ ਉੱਚੇ ਮੰਨੇ ਜਾਂਦੇ ਹਨ, ਉੱਥੋਂ ਦੀਆਂ ਦਿੱਤੀਆਂ ਕੁਝ ਮਿਸਾਲਾਂ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੀਆਂ ਹਨ ਕਿ ਸਾਡੀਆਂ ਬਾਂਝਪਣ ਦੂਰ ਕਰਨ ਵਾਲੀਆਂ ਕਲੀਨਿਕਾਂ ਵਿਚ ਕੀ ਵਾਪਰ ਰਿਹਾ ਹੋਵੇਗਾ ਤੇ ਸਾਡਾ ਜਿਨਸੀ ਵਿਰਸਾ ਕਿਵੇਂ ਖ਼ਤਮ ਹੋ ਰਿਹਾ ਹੋਵੇਗਾ।

## ਬਾਂਝਪਣ ਦੀ ਜ਼ਿੰਮੇਵਾਰੀ ਤੇ ਇਲਾਜ

ਬਾਂਝਪਣ ਲਈ ਕੌਣ ਜ਼ਿੰਮੇਵਾਰ ਹੈ? ਭਾਰਤ ਵਿਚ ਔਰਤ ਨੂੰ ਹੀ ਜ਼ਿੰਮੇਵਾਰ ਸਮਝਿਆ ਜਾਂਦਾ ਹੈ ਪਰ ਸਿਰਫ਼ 40-50 ਫ਼ੀਸਦੀ ਜੋੜਿਆਂ ਵਿਚ ਬਾਂਝਪਣ ਦਾ ਕਾਰਨ ਔਰਤ ਵਿਚ ਕੋਈ ਨੁਕਸ ਹੋਣਾ ਹੁੰਦਾ ਹੈ। 30-40 ਫ਼ੀਸਦੀ ਜੋੜਿਆਂ ਵਿਚ ਮਰਦ ਵਿਚ ਕੋਈ ਨੁਕਸ ਹੁੰਦਾ ਹੈ। ਬਾਕੀ ਬਹੁਤ ਹਾਲਤਾਂ ਵਿਚ ਦੋਨਾਂ ਦਾ ਕਸੂਰ ਹੋ ਸਕਦਾ ਹੈ। ਕਈ ਅਜਿਹੇ ਬਾਂਝ ਜੋੜੇ ਵੀ ਹੁੰਦੇ ਹਨ ਜਿਨ੍ਹਾਂ ਵਿਚ ਕਿਸੇ ਕਾਰਨ ਦਾ ਪਤਾ ਹੀ ਨਹੀਂ ਲੱਗਦਾ।

ਰਿਪੋਰਟਾਂ ਮੁਤਾਬਕ ਮਰਦਾਂ ਵਿਚ ਬਾਂਝਪਣ ਪਹਿਲਾਂ ਨਾਲੋਂ ਵੱਧ ਰਿਹਾ ਹੈ। ਜਿਨ੍ਹਾਂ ਨੁਕਸਾਂ ਕਰਕੇ ਬਾਂਝਪਣ ਹੁੰਦਾ ਹੈ ਉਨ੍ਹਾਂ ਵਿੱਚੋਂ ਬਹੁਤਿਆਂ ਦੇ ਇਲਾਜ ਮੌਜੂਦ ਹਨ ਤੇ ਇਹ ਠੀਕ ਹੋ ਸਕਦੇ ਹਨ। ਸ਼ੁਕਰਾਣੂ ਤੇ ਆਂਡੇ ਦੇ ਮਿਲਾਪ ਹੋਣ ਉਪਰੰਤ ਵੀ ਅਨੇਕਾਂ ਅਜਿਹੇ ਕਾਰਨ ਹਨ ਜਿਨ੍ਹਾਂ ਕਰਕੇ ਉਹ ‘ਮਿਲਾਪੀ-ਜ਼ਰਖੇਜ਼’ ਸੈੱਲ ਅਗਾਂਹ ਬੱਚੇ ਦੀ ਸ਼ੁਰੂਆਤ ਵੱਲ ਨਹੀਂ ਵਧਦਾ ਤੇ ਨਤੀਜੇ ਵਜੋਂ ਬਾਂਝਪਣ ਹੋ ਸਕਦਾ ਹੈ।

ਕਈ ਹਾਲਤਾਂ ਵਿਚ ਜਿਨ੍ਹਾਂ ਵਿਚ ਇਹ ਆਮ ਦੁਆਈਆਂ ਜਾਂ ਅਪਰੇਸ਼ਨਾਂ ਨਾਲ ਠੀਕ ਨਹੀਂ ਹੋ ਸਕਦਾ, ਉੱਥੇ ਹੋਰ ਤਰੀਕੇ ਅਪਣਾਉਣੇ ਪੈਂਦੇ ਹਨ। ਸਾਇੰਸ ਦੀ ਤਰੱਕੀ ਦੇ ਨਾਲ-ਨਾਲ ਬਾਂਝਪਣ ਨੂੰ ਦੂਰ ਕਰਨ ਵਾਲੀਆਂ ਕਲੀਨਿਕਾਂ ਤੇ ਹਸਪਤਾਲ ਤਕਰੀਬਨ ਹਰ ਸ਼ਹਿਰ ਤੇ ਕਸਬੇ ਵਿਚ ਖੁੱਲ੍ਹ ਗਏ ਹਨ ਜੋ ਬਾਂਝਪਣ ਤੋਂ ਮੁਕਤੀ ਦੁਆਉਣ ਦੇ ਝੂਠੇ ਦਾਅਵੇ ਕਰਦੇ ਹਨ।

## ਅਦਰਕ ਦੇ ਗੁਣ

ਡਾ: ਹਰਸ਼ਿੰਦਰ ਕੌਰ, ਐਮ.ਡੀ,, ਪਟਿਆਲਾ (ਭਾਰਤ)



ਅਦਰਕ ਦੀ ਚਾਹ ਤੋਂ ਇਲਾਵਾ ਅਨੇਕ ਖਾਣ ਪੀਣ ਵਾਲੇ ਪਦਾਰਥਾਂ ਵਿਚ ਵਰਤੋਂ ਕੀਤੀ ਜਾਂਦੀ ਹੈ। ਇਸਦੇ ਡਾਕਟਰੀ ਪੱਖੋਂ ਵੀ ਕਾਫ਼ੀ ਫ਼ਾਇਦੇ ਹਨ। ਖੰਘ ਰੋਕਣ ਵਾਲੇ ਤੱਤਾਂ ਤੇ ਦਰਦ ਨਿਵਾਰਕ ਤੱਤਾਂ ਦਾ ਜ਼ਿਕਰ ਹੁੰਦਾ ਹੈ। ਖੰਘ ਨੂੰ ਰੋਕਣ ਲਈ ਬਜ਼ੁਰਗ ਮਲੱਠੀ ਮੂੰਹ ਵਿਚ ਰੱਖ ਕੇ ਚੂਸ ਲੈਂਦੇ ਹਨ। ਸੰਨ 2010 ਵਿਚ ਹੋਈ ਖੋਜ ਵਿਚ ਕਸਰਤ ਕਰਨ ਵਾਲਿਆਂ ਨੂੰ ਪੱਠਿਆਂ ਦੀ ਦਰਦ ਵਾਸਤੇ ਰੋਜ਼ ਅਦਰਕ ਦਿੱਤਾ ਗਿਆ ਤਾਂ ਉਨ੍ਹਾਂ ਦੀ ਦਰਦ 25 ਪ੍ਰਤੀਸ਼ਤ ਘੱਟ ਗਈ।

ਇਸ ਖੋਜ ਵਿਚ ਉਨ੍ਹਾਂ ਨੇ 74 ਅਜਿਹੇ ਹੀ ਵਿਦਿਆਰਥੀ ਚੁਣੇ ਜਿਨ੍ਹਾਂ ਨੂੰ ਤਿੰਨ ਹਿੱਸਿਆਂ ਵਿਚ ਵੰਡ ਲਿਆ ਗਿਆ। ਇਕ ਤਿਹਾਈ ਨੂੰ ਦੱਸੇ ਬਗ਼ੈਰ ਕੱਚਾ ਅਦਰਕ ਫੇਹ ਕੇ ਖਾਣ ਲਈ ਦਿੱਤਾ ਗਿਆ ਤੇ ਇਕ ਤਿਹਾਈ ਨੂੰ ਦਵਾਈ ਕਹਿ ਕੇ ਗਰਮ ਕੀਤਾ ਅਦਰਕ ਦਿੱਤਾ ਗਿਆ ਤੇ ਤੀਜੇ ਹਿੱਸੇ ਨੂੰ ਅਦਰਕ ਦੇ ਸਵਾਦ ਵਾਲੀ ਟਾਫੀ ਦੇ ਦਿੱਤੀ ਗਈ, ਜਿਸ ਵਿਚ ਅਦਰਕ ਦਾ ਰਸ ਉੱਕਾ ਹੀ ਨਹੀਂ ਸੀ।

ਜਾਰਜੀਆ ਯੂਨੀਵਰਸਿਟੀ ਵਿਚ ਕੀਤੀ ਇਸ ਖੋਜ ਨੇ ਸਾਬਤ ਕੀਤਾ ਕਿ ਅਦਰਕ ਪੱਠਿਆਂ ਦੀ ਦਰਦ ਨੂੰ ਅਤੇ ਪੱਠਿਆਂ ਦੀ ਸੋਜ਼ਿਸ਼ ਨੂੰ ਬਿਨਾਂ ਕਿਸੇ ਮਾੜੇ ਅਸਰ ਦੇ, ਪੂਰੀ ਤਰ੍ਹਾਂ ਦੂਰ ਕਰੰਦਾ ਹੈ। ਜਿਹੜੇ ਹਿੱਸੇ ਨੂੰ ਅਦਰਕ ਨਹੀਂ ਸੀ ਦਿੱਤਾ ਗਿਆ, ਉਨ੍ਹਾਂ ਵਿਦਿਆਰਥੀਆਂ ਦੀ ਪੀੜ ਬਰਕਰਾਰ ਰਹੀ ਜਦਕਿ ਬਾਕੀ ਦੋਵਾਂ ਗਰੁੱਪਾਂ ਦੀ ਪੀੜ ਠੀਕ ਹੋ ਗਈ। ਸਪਸ਼ਟ ਹੈ ਕਿ ਭਾਵੇਂ ਕੱਚਾ ਲਿਆ ਜਾਵੇ ਤੇ ਭਾਵੇਂ ਭੁੰਨ ਕੇ, ਅਦਰਕ ਕੁਦਰਤੀ ਦਰਦ ਨਿਵਾਰਕ ਤਾਂ ਕਮਾਲ ਦਾ ਹੈ!

ਅਦਰਕ ਵਿਚ 9 ਤੱਤ ਲੱਭੇ ਗਏ ਹਨ ਜਿਹੜੇ ਸਰੀਰ ਅੰਦਰਲੇ ਸਿਰੋਟੋਨਿਨ ਨੂੰ ਵਧਾਂਦੇ ਹਨ ਜੋ ਢਹਿੰਦੀ ਕਲਾ ਠੀਕ ਕਰਦੇ ਹਨ। ਅਦਰਕ ਦੀ ਜੜ੍ਹ ਵਿੱਚੋਂ ਬਣਾਏ ਰਸ ਨਾਲ ਕੀਤੀ ਇਕ ਖੋਜ ਵਿਚ ਇਹ ਜ਼ਾਹਰ ਹੋਇਆ ਕਿ ਇਸ ਨਾਲ ਅੰਤੜੀਆਂ ਦੀ ਸੋਜ਼ਿਸ਼ ਕਰਨ ਵਾਲਾ ਮਾਰਕਰ ਪਰੋਸਟਾਗਲੈਂਡਿਨ ਈ2 (ਫ752) ਘਟ ਜਾਂਦਾ ਹੈ। ਇਸ ਮਾਰਕਰ ਦਾ ਅੰਤੜੀਆਂ ਦੇ ਕੈਂਸਰ ਵਿਚ ਰੋਲ ਹੁੰਦਾ ਹੈ।

ਸਮੁੰਦਰੀਂ ਰਸਤੇ ਜਾਣ ਵਾਲਿਆਂ ਨੂੰ ਆ ਰਹੀ ਉਲਟੀ ਜਾਂ ਦਿਲ ਕੱਚੇ ਹੋਣ ਦੀ ਸ਼ਿਕਾਇਤ ਕਰਨ ਵਾਲਿਆਂ ਉੱਤੇ ਕੀਤੀਆਂ ਖੋਜਾਂ ਤੋਂ ਵੇਖਿਆ ਗਿਆ ਕਿ ਅਦਰਕ ਦਾ ਰਸ ਪੀਣ ਨਾਲ ਉਲਟੀ ਛੇਤੀ ਤੇ ਜ਼ਿਆਦਾ ਦੇਰ ਲਈ ਰੁਕ ਗਈ ਤੇ ਦਿਲ ਕੱਚਾ ਹੋਣਾ ਵੀ ਬੰਦ ਹੋ ਗਿਆ। ਜਿਨ੍ਹਾਂ ਨੂੰ ਪਿੱਤੇ ਵਿਚ ਪਥਰੀ ਹੋਵੇ, ਉਨ੍ਹਾਂ ਲਈ ਵੀ ਜ਼ਿਆਦਾ ਅਦਰਕ ਅਸਰਦਾਰ ਸਾਬਤ ਹੋਇਆ ਤੇ ਕੈਂਸਰ ਵਾਸਤੇ ਚਲ ਰਹੀ ਕੀਮੋਥੈਰਪੀ ਵਿਚਲੀਆਂ ਉਲਟੀਆਂ ਰੁਕਦੀਆਂ ਹਨ। ਓਪਰੇਸ਼ਨ ਤੋਂ ਬਾਅਦ ਆ ਰਹੀਆਂ ਉਲਟੀਆਂ ਵਿਚ ਵੀ ਇਸਦਾ ਅਸਰ ਦਿਸਿਆ।

ਕਈ ਮਰੀਜ਼ਾਂ ਵਿਚ ਮਲੱਠੀ ਮੂੰਹ ਵਿਚ ਰਖ ਕੇ ਚੂਸ ਲੈਣ ਨਾਲ ਵੀ ਫ਼ਰਕ ਦਿਸਿਆ।

ਕੁੱਝ ਖੋਜਾਂ ਜੋ ਹਾਲੇ ਚਲ ਰਹੀਆਂ ਹਨ। ਉਹ ਹਨ :-

1. ਜੋੜਾਂ ਦੀ ਦਰਦ ਉੱਤੇ ਅਸਰ
2. ਕੋਲੈਸਟਰੋਲ ਘਟਾਉਂਣਾ
3. ਲਹੂ ਪਤਲਾ ਕਰਨਾ
4. ਜ਼ਿੰਜਰੋਨ ਈ. ਕੌਲਾਈ ਕੀਟਾਣੂ (**5 enterotoxigenic 5. 3oli)** ਵਿੱਚੋਂ ਨਿਕਲੇ ਮਾੜੇ ਰਸਾਂ (**5 nterotoxin)** ਨੂੰ ਅਸਰ ਕਰਨ ਤੋਂ ਰੋਕਣਾ।

ਸ਼ੱਕਰ ਰੋਗੀਆਂ ਵਿਚ ਵਧੀ ਹੋਈ ਸ਼ੱਕਰ ਦੀ ਮਾਤਰਾ ਨਾਲ ਅੱਖਾਂ ਵਿਚ ਹੁੰਦੇ ਚਿੱਟੇ ਮੋਤੀਏ ਬਾਰੇ ਵੀ ਖੋਜ ਚੱਲ ਰਹੀ ਹੈ। ਸ਼ੁਰੂਆਤੀ ਦੌਰ ਵਿਚ ਜੇ ਬੀਮਾਰੀ ਦਾ ਧਿਆਨ ਕਰ ਲਿਆ ਜਾਏ ਤਾਂ ਅਦਰਕ ਆਪਣੇ ਐਂਟੀਗਲਾਈਕੇਟਿੰਗ ਅਸਰ ਰਾਹੀਂ ਚਿੱਟੇ ਮੋਤੀਏ ਨੂੰ ਹੋਣ ਤੋਂ ਰੋਕਦਾ ਰਹਿੰਦਾ ਹੈ।

ਅਦਰਕ ਵਿਚਲੇ ਤੇਲ ਜੋ ਇਸਦੀ ਖੁਸ਼ਬੋ ਦਾ ਕਾਰਣ ਹਨ, ਉਹ ਹਨ - ਜ਼ਿੰਜਰੋਨ, ਸ਼ੋਗੋਲਜ਼, ਜਿੰਜੀਰੋਲ, ਵੋਲਾਟਾਈਲ ਤੇਲ। ਇਹ ਤਾਜ਼ੇ ਅਦਰਕ ਵਿਚਲੇ ਤਿੰਨ ਪ੍ਰਤੀਸ਼ਤ ਭਾਰ ਦਾ ਹਿੱਸਾ ਬਣਦੇ ਹਨ। ਚੂਹਿਆਂ ਉੱਤੇ ਜਿੰਜੀਰੋਲ ਦਾ ਅਸਰ ਵੇਖਣ ਲਈ ਮਿਸ਼ੀਗਨ ਯੂਨੀਵਰਸਿਟੀ ਵਿਚ ਖੋਜ ਕੀਤੀ ਨੇ ਦੱਸਿਆ ਕਿ ਅੰਤੜੀਆਂ ਦੀ ਚਾਲ ਰਵਾਂ ਹੋਈ, ਦਰਦ ਘੱਟੀ, ਹਲਕੀ ਨੀਂਦਰ ਆਉਣ ਲਗੀ, ਬੁਖ਼ਾਰ ਘਟ ਹੋ ਗਿਆ ਤੇ ਕੀਟਾਣੂਆਂ ਦੇ ਅਸਰ ਨੂੰ ਘਟਾਉਣ ਲਈ ਵੀ ਇਹ ਕਾਫ਼ੀ ਅਸਰਦਾਰ ਸੀ।

ਚੂਹੀਆਂ ਦੇ ਅੰਡਕੋਸ਼ ਦੇ ਕੈਂਸਰ ਵਿਚ ਕੁੱਝ ਸੈੱਲ ਮਾਰ ਦੇਣ ਵਿਚ ਵੀ ਇਸਦਾ ਅਸਰ ਦਿਸਿਆ।

ਪਹਿਲੇ ਵਿਸ਼ਵ ਯੁੱਧ ਦੌਰਾਨ ਘੋੜਿਆਂ ਦੀ ਕਬਜ਼ ਠੀਕ ਕਰਨ ਲਈ ਵੀ ਅਦਰਕ ਦੀਆਂ ਗੋਲੀਆਂ ਉਨ੍ਹਾਂ ਦੇ ਮਲ ਦਵਾਰ ਰਾਹੀਂ ਪਾ ਕੇ ਇਲਾਜ ਕੀਤਾ ਗਿਆ।ਇਹ ਤਾਂ ਮੰਨੀ ਪਰਮੰਨੀ ਖੋਜ ਵੀ ਸਾਬਤ ਕਰ ਚੁਕੀ ਹੈ ਕਿ ਅਦਰਕ ਖਾਣਾ ਛੇਤੀ ਹਜ਼ਮ ਹੋਣ ਵਿਚ ਮਦਦ ਕਰਦਾ ਹੈ। ਪੇਟ ਗੈਸ, ਅਫ਼ਾਰਾ, ਕਬਜ਼, ਪੇਟ ਦਰਦ ਆਦਿ ਲਈ ਤਾਂ ਸਦੀਆਂ ਤੋਂ ਇਹ ਵਰਤਿਆ ਜਾ ਰਿਹਾ ਹੈ।

ਜ਼ੁਕਾਮ ਵਿਚ ਅਦਰਕ ਦੀ ਚਾਹ ਕਮਾਲ ਦਾ ਅਸਰ ਰਖਦੀ ਹੈ। ਸਫਰ ਦੌਰਾਨ ਦਿਲ ਕੱਚੇ, ਪੇਟ ਗੈਸ ਤੇ ਜ਼ੁਕਾਮ ਲਈ ਇਸਦੀ ਵਰਤੋਂ ਹੁੰਦੀ ਹੈ। ਕਈ ਮੂੰਹ ਉੱਤੇ ਲਾ ਕੇ ਸਿਰਦਰਦ ਅਤੇ ਜੋੜਾਂ ਦੀ ਦਰਦ ਠੀਕ ਕਰਨ ਲਈ ਜਾਂ ਨਿੰਬੂ ਕਾਲਾ ਲੂਣ ਰਲਾ ਕੇ ਦਿਲ ਕੱਚਾ ਹੁੰਦਾ ਠੀਕ ਕਰਨ ਲਈ ਵਰਤਦੇ ਹਨ। ਅਮਰੀਕਾ ਵਿਚ ਪੱਠਿਆਂ ਵਿਚ ਅਕੜਾਓ ਠੀਕ ਕਰਨ ਲਈ ਵੀ ਅਦਰਕ ਦਾ ਪਾਣੀ ਵਰਤਿਆ ਜਾ ਰਿਹਾ ਹੈ।

ਵਧੇਰੇ ਅਦਰਕ ਨਾਲ ਅਫ਼ਾਰਾ ਵਧ ਵੀ ਸਕਦਾ ਹੈ। ਛਾਤੀ ਵਿਚ ਦਰਦ ਤੇ ਸਰੀਰ ਉੱਤੇ ਦਾਣੇ ਵੀ ਦਿਸ ਸਕਦੇ ਹਨ ਪਰ ਇਹ ਆਮ ਤੌਰ ਉੱਤੇ ਅਦਰਕ ਦੇ ਪਾਊਡਰ ਤੋਂ ਹੁੰਦਾ ਹੈ। ਜੇ ਅੰਤੜੀਆਂ ਜਾਂ ਢਿੱਡ ਵਿਚ ਅਲਸਰ ਹੋਵੇ ਤਾਂ ਵਾਧੂ ਅਦਰਕ ਖਾਣ ਨਾਲ ਅੰਤੜੀਆਂ ਵਿਚ ਰੋਕਾ ਵੀ ਪੈ ਸਕਦਾ ਹੈ। ਅਦਰਕ ਵਾਰਫੈਰਿਨ ਦਵਾਈ ਖਾਣ ਵਾਲਿਆਂ ਨੂੰ ਵੀ ਨੁਕਸਾਨ ਕਰ ਸਕਦਾ ਹੈ। ਕੁੱਝ ਲੋਕਾਂ ਦਾ ਅਦਰਕ ਖਾਂਦੇ ਸਾਰ ਬਲੱਡ ਪ੍ਰੈਸ਼ਰ ਵਧ ਸਕਦਾ ਹੈ। ਇਹ ਬਾਈਲ ਰਸ ਵਧਾ ਕੇ ਪਥਰੀ ਵਾਲਿਆਂ ਨੂੰ ਵੀ ਨੁਕਸਾਨ ਪਹੁੰਚਾ ਸਕਦਾ ਹੈ।


## ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਪ੍ਰਕਾਸ਼ ਅਤੇ ਬੰਦੀ ਛੋੜ ਦਿਵਸ ਨੂੰ ਸਮਰਪਿਤ 18 ਨਵੰਬਰ 2023 ਨੂੰ ਈ-ਦੀਵਾਨ (ਕੈਲਗਰੀ) ਵਲੋਂ ਕਰਵਾਏ ਕੀਰਤਨ ਦਰਬਾਰ ਵਿਚ ਹਾਜ਼ਰੀ ਲਗਾਉਂਦੀ ਸੰਗਤ




ਅਨੂਰੀਤ ਕੌਰ ਅਤੇ ਅਮਿਤੋਜ ਕੌਰ (ਟੋਰੰਟੋ)



ਬ੍ਰਿਜਮਿੰਦਰ ਕੌਰ (ਜੈਪੁਰ)



ਮਨਰੀਤ ਕੌਰ (ਟੋਰੰਟੋ)



ਗੁਰਪ੍ਰੀਤ ਕੌਰ ਅਤੇ ਕਰਨਬੀਰ ਸਿੰਘ (ਕੈਲਗਰੀ)



ਸਬੀਨਾ ਕੌਰ ਅਤੇ ਸਰਦਾਰ ਯੁਵਰਾਜ ਸਿੰਘ (ਕੈਲਗਰੀ)



ਡਾ. ਬਲਦੇਵ ਸਿੰਘ (ਐਡਮਿੰਟਨ)



ਸਿਮਰਲੀਨ ਕੌਰ ਸਰਦਾਰ ਪਰਮਜੀਤ ਸਿੰਘ ਅਤੇ ਪਰਨੀਤ ਕੌਰ (ਟੋਰੰਟੋ)

****

## ਸ਼ਬਦ ਗਾਇਨ ਦਾ ਵੇਰਵਾ

ਟੋਡੀ ਮ: 5- ਸਤਿਗੁਰ ਆਇਓ ਸਰਣਿ ਤੁਹਾਰੀ॥ ਮਨਰੀਤ ਕੌਰ-ਟੋਰੰਟੋ।

ਬਿਲਾਵਲੁ ਮ:5-ਧਨਿ ਧਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ॥ ਗੁਰਪ੍ਰੀਤ ਕੌਰ, ਕਰਨਬੀਰ ਸਿੰਘ।

ਆਸਾ ਮ: 5- ਇਹ ਮਨੁ ਸੁੰਦਰਿ ਆਪਣਾ ਹਰਿ ਨਾਮਿ ਮਜੀਠੈ ਰੰਗਿ ਰੀ॥ ਬ੍ਰਿਜਮਿੰਦਰ ਕੌਰ-ਜੈਪੁਰ।

ਗਉੜੀ ਮ: 5- ਜਾ ਕਾ ਮੀਤੁ ਸਾਜਨੁ ਹੈ ਸਮੀਆਂ॥ ਅਨੂਰੀਤ ਕੌਰ ਅਤੇ ਅਮਿਤੋਜ ਕੌਰ (ਟੋਰੰਟੋ)

ਮਾਰੂ ਮ: 1- ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥ ਸੁ: ਯੁਵਰਾਜ ਸਿੰਘ ਅਤੇ ਸਬੀਨਾ ਕੌਰ।

ਸੂਹੀ ਮ: 1- ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ॥ ਸਬੀਨਾ ਕੌਰ। **ਅਤੇ**

ਸੋਰਠਿ ਮ: 5- ਗੁਰੁ ਪੂਰਾ ਨਮਸਕਾਰੇ ਪ੍ਰਭਿ ਸਭੇ ਕਾਜ ਸਵਾਰੇ॥ ਸਬੀਨਾ ਕੌਰ- ਕੈਲਗਰੀ।

ਗਉੜੀ ਬਾਵਨ ਅਖਰੀ ਮ: 5- ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥ ਅਤੇ

ਫੁਨਹੇ ਮ: 5- ਹਾਥਿ ਕਲੰਮ ਅਗਮ ਮਸਤਕਿ ਲੇਖਾਵਤੀ॥ ਡਾ. ਬਲਦੇਵ ਸਿੰਘ (ਐਡਮਿੰਟਨ)।

ਸਵਯੇ ਸ੍ਰੀ ਮੁਖ ਬਾਕ ਮ: 5- ਬਲ੍ਯ -ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦ ਪਾਇਯਉ॥ ਸਰਦਾਰ ਪਰਮਜੀਤ ਸਿੰਘ, ਸਿਮਰਲੀਨ ਕੌਰ ਅਤੇ ਪਰਨੀਤ ਕੌਰ- ਟੋਰੰਟੋ। **ਅਤੇ**

ਭਾਈ ਗੁਰਦਾਸ ਜੀ: ਵਾਰਾਂ - ਦੀਵਾਲੀ ਦੀ ਰਾਤਿ ਦੀਵੇ ਬਾਲਿਅਨਿ॥ ਸਿਮਰਲੀਨ ਕੌਰ ਅਤੇ ਪਰਨੀਤ ਕੌਰ- ਟੋਰੰਟੋ। ।


..........................................................................................

ਨੋਟ : ਕੀਰਤਨ ਦਰਬਾਰ ਦਾ ਸੰਚਾਲਨ ਸਰਦਾਰ ਪਰਮਜੀਤ ਸਿੰਘ (ਟੋਰੰਟੋ) ਦਵਾਰਾ ਕੀਤਾ ਗਿਆ।

*********************************************************************************************



ਈ ਦੀਵਾਨ ਸੁਸਾਇਟੀ(ਕੈਲਗਰੀ)
ਵੱਲੋਂ
ਨੌਵੇਂ ਪਾਤਸ਼ਾਹ ਦੀ ਸ਼ਹਾਦਤ ਨੂੰ ਸਮਰਪਿਤ
ਅੰਤਰਰਾਸ਼ਟਰੀ ਕਵੀ ਦਰਬਾਰ
ਡਾ.ਬਲਰਾਜ ਸਿੰਘ
ਸੰਸਥਾਪਕ ਤੇ ਸੰਚਾਲਕ
ਗੁਰਦੀਸ਼ ਕੌਰ ਕੈਲਗਰੀ
ਹੋਸਟ
ਸ.ਜਗਬੀਰ ਸਿੰਘ
ਸੰਸਥਾਪਕ ਤੇ ਸੰਚਾਲਕ
ਮਿਤੀ 25 ਨਵੰਬਰ
ਸ਼ਨੀਵਾਰ
9 AM ਕੈਲਗਰੀ
ਸਮਾਂ:
9:30 PM ਇੰਡੀਆ
8:00 AM ਬੀ ਸੀ
11:00 AM ਟੋਰੰਟੋ
ਪਹੁੰਚ ਰਹੇ ਕਵੀ ਸਹਿਬਾਨ
ਸੁਜਾਨ ਸਿੰਘ ਸੁਜਾਨ
ਟੋਰੰਟੋ
ਦਵਿੰਦਰ ਸਿੰਘ ਭੋਲਾ
ਜੰਡਿਆਲਾ ਗੁਰੂ
ਬੀਬੀ ਸੁਰਜੀਤ ਕੌਰ
ਸੈਕਰਾਮੈਂਟੋ
ਇੰਜ. ਕਰਮਜੀਤ ਸਿੰਘ ਨੂਰ
ਜਲੰਧਰ
ਸੁੰਦਰਪਾਲ ਕੌਰ ਰਾਜਾਸਾਂਸੀ
ਬਰੈਂਪਟਨ
ਅਵਤਾਰ ਸਿੰਘ ਆਦਮਪੁਰੀ
ਸਿਆਟਲ
ਪਲਵਿੰਦਰ ਸਿੰਘ ਰੰਧਾਵਾ
ਸਰੀ ਬੀ ਸੀ
ਗੁਰਚਰਨ ਸਿੰਘ ਹੇਹਰ
ਕੈਲਗਰੀ
ਜਸਵਿੰਦਰ ਸਿੰਘ ਰੁਪਾਲ
ਕੈਲਗਰੀ
ਸ਼ੁਕਰਗੁਜ਼ਾਰ ਸਿੰਘ
ਅਮ੍ਰਿਤਸਰ
ZOOM ID 98294816545
ਉਡੀਕਵਾਨ: ਈ ਦੀਵਾਨ ਸੋਸਾਇਟੀ ਕੈਲਗਰੀ ਦੀ ਸਮੂਹ ਸੰਗਤ ਤੇ ਅਹੁਦੇਦਾਰ

Balraj Singh
Ravi
Avtar Singh Adampuri
Devinder Singh
Sujan s sujan
Jagbir Singh
Brijminder Kaur
Prabhjot Singh

## ਨੌਵੇਂ ਪਾਤਸ਼ਾਹ ਦੀ ਸ਼ਹੀਦੀ ਨੂੰ ਸਮਰਪਿਤ ਕਵੀ ਦਰਬਾਰ ਦੀ ਰਿਪੋਰਟ

ਈ-ਦੀਵਾਨ ਸੋਸਾਇਟੀ ਕੈਲਗਰੀ (ਕੈਨੇਡਾ) ਵਲੋਂ ਕਰਵਾਏ ਇਸ ਔਨਲਾਈਨ ਇੰਟਰਨੈਸ਼ਨਲ ਕਵੀ ਦਰਬਾਰ ਵਿੱਚ ਦੇਸ਼ ਵਿਦੇਸ਼ ਤੋਂ ਕਈ ਪੰਥਕ ਕਵੀਆਂ ਨੇ ਸ਼ਿਰਕਤ ਕੀਤੀ। ਸ਼ੁਰੂ ਵਿੱਚ, ਸੰਸਥਾ ਦੇ ਬਾਨੀ ਡਾ. ਰਾਜਾ ਬਲਰਾਜ ਸਿੰਘ ਨੇ ਦੱਸਿਆ ਕਿ ਇਹ ਸੰਸਥਾ ਕੋਵਿਡ ਦੌਰਾਨ ਬਣਾਈ ਗਈ ਸੀ ਤਾਕਿ ਸੰਗਤ ਗੁਰਬਾਣੀ ਨਾਲ ਜੁੜੀ ਰਹੇ। ਗੁਰਬਾਣੀ ਤੇ ਅਧਾਰਿਤ ਵਿਸ਼ਿਆਂ ਤੇ ਲੈਕਚਰ ਕਰਵਾਏ ਜਾਂਦੇ ਹਨ ਜੋ 'ਸੰਗਤੀ ਵਿਚਾਰ' ਯੂਟਿਊਬ ਚੈਨਲ ਤੇ ਪਾਏ ਜਾਂਦੇ ਹਨ।ਬੱਚਿਆਂ ਵਲੋਂ ਕੀਰਤਨ ਕੀਤਾ ਜਾਂਦਾ ਹੈ। ਜੈਪੁਰ ਤੋਂ ਬ੍ਰਿਜਮਿੰਦਰ ਕੌਰ ਨੇ "ਹਮ ਚਾਕਰ ਗੋਬਿੰਦ ਕੇ" ਗਾ ਕੇ ਇਸ ਕਵੀ ਦਰਬਾਰ ਦਾ ਆਗਾਜ਼ ਕੀਤਾ।

**ਗੁਰਦੀਸ਼ ਕੌਰ ਗਰੇਵਾਲ** ਨੇ ਸਾਰੇ ਕਵੀਆਂ ਨੂੰ 'ਜੀ ਆਇਆਂ' ਕਿਹਾ ਅਤੇ ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਸਿੱਖੀ ਦਾ ਬੂਟਾ' ਦੀਆਂ ਕੁੱਝ ਸਤਰਾਂ ਸਾਂਝੀਆਂ ਕਰਕੇ ਦਰਬਾਰ ਦੀ ਆਰੰਭਤਾ ਕੀਤੀ। ਉਨ੍ਹਾਂ ਕਵੀਆਂ ਦੀ ਜਾਣ ਪਛਾਣ ਕਰਾਉਂਦਿਆਂ ਹੋਇਆਂ, ਸਭ ਨੂੰ ਵਾਰੋ ਵਾਰੀ ਸੱਦਾ ਦਿੱਤਾ। ਸ਼ੁਰੂਆਤ ਵਿੱਚ, ਕੈਲਗਰੀ ਦੇ ਨਾਮਵਰ ਗਾਇਕ- ਰਵੀ ਜਨਾਗਲ ਨੇ ਸੰਤ ਰਾਮ ਉਦਾਸੀ ਦਾ ਲਿਖਿਆ ਗੀਤ 'ਦਿੱਲੀਏ ਦਿਆਲਾ ਦੇਖ ਦੇਗ 'ਚ ਉਬਲਦਾ ਨੀ, ਅਜੇ ਤੇਰਾ ਦਿਲ ਨਾ ਠਰੇ!' ਸੁਣਾ ਕੇ ਮਹੌਲ ਭਾਵੁਕ ਕਰ ਦਿੱਤਾ। ਜਲੰਧਰ ਤੋਂ ਉਸਤਾਦ ਸ਼ਾਇਰ ਕਰਮਜੀਤ ਸਿੰਘ ਨੂਰ ਨੇ ਨੌਵੇਂ ਪਾਤਸ਼ਾਹ ਨੂੰ 'ਤਿਆਗ ਤੇ ਵੈਰਾਗ ਦੀ ਮੂਰਤ' ਦਰਸਾਉਂਦਿਆਂ ਹੋਇਆਂ ਅਤੇ ਅੰਮ੍ਰਿਤਸਰ ਤੋਂ ਐਡਵੋਕੇਟ ਸ਼ੁਕਰਗੁਜ਼ਾਰ ਸਿੰਘ ਨੇ ਤੱਤਾ ਅੱਖਰ- 'ਤ-ਤੂੰ, ਤਾਕਤ, ਤੇਗ, ਤਿਆਗ ਬਣੇ...' ਰਾਹੀਂ ਸ਼ਰਧਾ ਦੇ ਫੁੱਲ ਭੇਟ ਕੀਤੇ। ਟੋਰੰਟੋ ਤੋਂ ਸ਼ਾਇਰਾ ਸੁੰਦਰਪਾਲ ਕੌਰ ਰਾਜਾਸਾਂਸੀ ਨੇ ਆਪਣੀ ਕਵਿਤਾ ਕੋਰੜਾ ਛੰਦ ਵਿੱਚ- 'ਗੁਰਾਂ ਸੀਸ ਦੇ ਕੇ ਕੀਤਾ ਉਪਕਾਰ ਜੀ' ਅਤੇ ਲੁਧਿਆਣਾ ਤੋਂ ਕੈਲਗਰੀ ਆਏ, ਮਹਿਮਾਨ ਸਿੱਖ ਸ਼ਾਇਰ ਜਸਵਿੰਦਰ ਸਿੰਘ ਰੂਪਾਲ ਨੇ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਤੇ ਝੋਕ ਛੰਦ ਵਿੱਚ ਲਿਖੀ ਆਪਣੀ ਕਵਿਤਾ-'ਦੇਖੋ ਕਿੰਝ ਸਿੱਖ ਗੁਰੂ ਦੇ ਸਿਰੜ ਨਿਭਾਉਂਦੇ ਨੇ' ਨੂੰ ਤਰੰਨਮ ਵਿੱਚ ਸੁਣਾਇਆ। ਜੰਡਿਆਲਾ ਗੁਰੂ ਤੋਂ ਸ਼ਾਇਰ ਦਵਿੰਦਰ ਸਿੰਘ ਭੋਲਾ ਨੇ ਬਰਕਤ ਰਾਮ ਬਰਕਤ ਦੀ ਕਵਿਤਾ- 'ਧੰਨ ਧੰਨ ਹੈ ਬਲੀਦਾਨ ਤੇਰਾ' ਨਾਲ ਸਾਂਝ ਪਾਈ। ਸਿਆਟਲ ਤੋਂ ਗੀਤਕਾਰ ਅਵਤਾਰ ਸਿੰਘ ਆਦਮਪੁਰੀ ਨੇ ਆਪਣਾ ਗੀਤ- 'ਮਜ਼ਲੂਮਾਂ ਦੇ ਸਾਥੀ ਹਾਂ, ਗੁਰੂ ਨਾਨਕ ਦੇ ਵਰੋਸਾਏ ਹਾਂ' ਅਤੇ ਸਰੀ ਬੀ. ਸੀ. ਤੋਂ ਗੀਤਕਾਰ ਪਲਵਿੰਦਰ ਸਿੰਘ ਰੰਧਾਵਾ ਨੇ ਵੀ 'ਧੰਨ ਧੰਨ ਗੁਰੂ ਤੇਗ ਬਹਾਦਰ' ਗੀਤ ਸੁਣਾਇਆ। ਟੋਰੰਟੋ ਤੋਂ ਉਸਤਾਦ ਸ਼ਾਇਰ ਸੁਜਾਨ ਸਿੰਘ ਸੁਜਾਨ ਜੀ ਨੇ- 'ਭਾਈ ਜੈਤੇ ਸੀਸ ਸਿਰ ਤੇ ਉਠਾਇਆ ਏ, ਦੇਖੋ ਕਿਵੇਂ ਦਿੱਲੀ ਨੂੰ ਪਸੀਨਾ ਆਇਆ ਏ' ਗੀਤ ਸੁਣਾਇਆ। ਕੈਲਗਰੀ ਤੋਂ ਗੁਰਚਰਨ ਸਿੰਘ ਹੇਹਰ ਨੇ ਆਪਣਾ ਗੀਤ- 'ਸਿੰਘ ਗੁਰੂ ਦੇ ਮੌਤੋਂ ਨਾ ਕਦੇ ਡਰਦੇ' ਸੁਣਾਇਆ। ਬੀਬੀ ਸੁਰਜੀਤ ਕੌਰ (ਸੈਕਰਾਮੈਂਟੋ) ਹਾਜ਼ਰ ਨਹੀਂ ਹੋ ਸਕੇ। ਅੰਤ ਤੇ ਹੋਸਟ ਗੁਰਦੀਸ਼ ਕੌਰ ਨੇ ਵੀ ਨੌਵੇਂ ਪਾਤਸ਼ਾਹ ਤੇ ਲਿਖਿਆ ਆਪਣਾ ਗੀਤ ਸੰਗਤ ਨਾਲ ਸਾਂਝਾ ਕੀਤਾ।

ਜੈਕਾਰਿਆਂ ਦੀ ਗੂੰਜ ਵਿੱਚ ਇਸ ਕਵੀ ਦਰਬਾਰ ਦੀ ਢਾਈ ਘੰਟੇ ਬਾਅਦ ਸਮਾਪਤੀ ਹੋਈ। ਡਾ. ਸੁਰਜੀਤ ਸਿੰਘ ਭੱਟੀ ਅਤੇ ਡਾ. ਕਾਬਲ ਸਿੰਘ ਨੇ ਸਾਰੇ ਕਵੀਆਂ ਦਾ ਧੰਨਵਾਦ ਕਰਦਿਆਂ, ਸੰਸਥਾ ਦੀ ਔਨਲਾਈਨ ਮੈਗਜ਼ੀਨ 'ਸਾਂਝੀ ਵਿਰਾਸਤ' ਵਿਚ ਆਪਣੀਆਂ ਰਚਨਾਵਾਂ ਭੇਜਣ ਦੀ ਬੇਨਤੀ ਕੀਤੀ। ਕੈਲਗਰੀ ਦੇ ਯੁਵਰਾਜ ਸਿੰਘ ਤੇ ਸਬੀਨਾ ਕੌਰ ਨੇ ਆਨੰਦ ਸਾਹਿਬ ਅਤੇ ਜਗਬੀਰ ਸਿੰਘ ਜੀ ਨੇ ਅਰਦਾਸ ਦੀ ਸੇਵਾ ਨਿਭਾਈ।

## ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ

**ਅੱਜ ਦਾ ਸ਼ਬਦ**

**ਗੰਧ**

ਲੜੀ ਨੰ:-310



ਗੰਧ ਨੂੰ ਬੂ, ਮੁਸ਼ਕ ਜਾਂ ਮਹਿਕ ਕਿਹਾ ਜਾਂਦਾ ਹੈ, ਜਿਸ ਨੂੰ ਕੋੜਾ ਜਾਂ ਸੁਹਾਵਣਾ ਦੋ ਅਰਥਾਂ ਵਿੱਚ ਲਿਆ ਜਾਂਦਾ ਹੈ। ਪੰਜਾਬੀ ਸ਼ਬਦ ਗੰਧ ਸੰਸਕ੍ਰਿਤ ਸ਼ਬਦ 'ਗਨ੍ਧ' ਦਾ ਸਮਾਨਾਰਥੀ ਹੈ। ਗੰਧ ਹਵਾ ਵਿੱਚ ਮਿਲੇ ਹੋਏ ਕਿਸੇ ਵਸਤੂ ਦੇ ਸੂਖਮ ਕਣਾਂ ਦਾ ਪ੍ਰਸਾਰ ਹੈ ਜਿਸ ਦਾ ਅਨੁਭਵ ਮਨੁੱਖ ਅਤੇ ਜਾਨਵਰਾਂ ਨੂੰ ਨੱਕ (ਨਾਸਿਕਾ) ਕਰਕੇ ਹੁੰਦਾ ਹੈ। ਇਸਨੂੰ ਨੱਕ ਦੀ ਖੋਲ ਦੇ ਪਿਛਲੇ ਪਾਸੇ ਰੀਸੈਪਟਰ (OR) ਸੈੱਲਾਂ ਦੁਆਰਾ ਸਮਝਿਆ ਜਾਂਦਾ ਹੈ ਅਤੇ ਦਿਮਾਗ ਦੁਆਰਾ ਗੰਧ ਦੀ ਪ੍ਰਕਿਰਤੀ ਦਾ ਪਤਾ ਲਗਾਇਆ ਜਾਂਦਾ ਹੈ। ਗੰਧ ਦੀ ਪਛਾਣ ਕਰਨ ਦੀ ਸਮਰੱਥਾ ਲੋਕਾਂ ਵਿੱਚ ਬਦਲਦੀ ਹੈ ਅਤੇ ਉਮਰ ਦੇ ਨਾਲ਼ ਘਟਦੀ ਹੈ।

ਨੌਵੀਂ ਜਮਾਤ ਦੀ ਪੁਸਤਕ 'ਸਾਹਿਤ-ਮਾਲ਼ਾ' ਵਿੱਚ ਭਾਈ ਵੀਰ ਸਿੰਘ ਦੀ ਕਵਿਤਾ ਵਿੱਚ ਗੰਧ ਸ਼ਬਦ ਵਰਤਿਆ ਗਿਆ ਹੈ।

ਮੈਂ ਮਸਤ ਆਪਣੇ ਹਾਲ, ਮਗਨ-ਗੰਧ ਆਪਣੀ,<br>
ਹਾਂ ਦਿਨ ਨੂੰ ਭੌਰੇ ਨਾਲ਼, ਭੀ ਮਿਲਣੋਂ ਸੰਗਦਾ ਹਾਂ।

ਵਿਦਿਆਰਥੀ ਇਸ ਸ਼ਬਦ ਦੀ ਵਰਤੋਂ ਕਰਕੇ ਤਿੰਨ ਵਾਕ ਆਪਣੀ ਕਾਪੀ ਵਿੱਚ ਲਿਖਣ।

ਸ਼ਸ਼ੀ ਬਾਲਾ ਪੰਜਾਬੀ ਮਿਸਟ੍ਰੈਸ (ਡੀ.ਐੱਮ.ਪੰਜਾਬੀ) ਸ.ਮਿ.ਸ.ਨੂਰਪੁਰਾ ਜ਼ਿਲ੍ਹਾ ਸੰਗਰੂਰ
ਗੁਰਪਾਲ ਸਿੰਘ ਬਿਲਾਵਲ ਡੀ.ਐੱਮ. ਪੰਜਾਬੀ ਸ.ਹ.ਸ. ਸੰਘੇੜਾ (ਬਰਨਾਲ਼ਾ)

**ਸਕੂਲ ਸਿੱਖਿਆ ਵਿਭਾਗ, ਪੰਜਾਬ**

## ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ

**ਅੱਜ ਦਾ ਸ਼ਬਦ**

**ਮਿੱਥ ਕਥਾ**

ਲੜੀ ਨੰ:-307




ਮਿੱਥ - ਕਥਾ ਤੋਂ ਭਾਵ ਹੈ- ਮਿੱਥੀ ਹੋਈ ਕਥਾ। ਮੁਢਲੇ ਸਮਿਆਂ ਵਿੱਚ ਮਨੁੱਖ ਨੇ ਕੁਦਰਤ ਦੇ ਵਰਤਾਰਿਆਂ ਨੂੰ ਆਪਣੀ ਸੂਝ-ਸਮਝ ਅਨੁਸਾਰ ਕਾਲਪਨਿਕ ਕਹਾਣੀਆਂ ਦੇ ਰੂਪ ਵਿੱਚ ਪੇਸ਼ ਕੀਤਾ ਤੇ ਇਸ ਨੂੰ ਅਸੀਂ ਮਿੱਥ - ਕਥਾਵਾਂ ਕਹਿੰਦੇ ਹਾਂ। ਮਿੱਥ-ਕਥਾਵਾਂ ਕਥਾ-ਸਾਹਿਤ ਦਾ ਮੁਢਲਾ ਰੂਪ ਹਨ ਕਿਉਂਕਿ ਇਸੇ ਕਥਾ ਤੋਂ ਸਾਹਿਤਕ ਵਿਧਾ ਕਹਾਣੀ ਦਾ ਰੂਪ ਸਾਹਮਣੇ ਆਇਆ। ਇਹਨਾਂ ਕਥਾਵਾਂ ਵਿੱਚ ਪ੍ਰਾਕਿਰਤਕ ਵਸਤਾਂ, ਰੁੱਖਾਂ, ਜੀਵ-ਜੰਤੂਆਂ ਤੇ ਫਲ਼-ਬੂਟਿਆਂ ਨੂੰ ਮਨੁੱਖਾਂ ਵਾਂਗ ਕੰਮ ਤੇ ਗੱਲਾਂ ਕਰਦਿਆਂ ਦਰਸਾਇਆ ਜਾਂਦਾ ਹੈ ਤੇ ਇਨ੍ਹਾਂ ਵਿੱਚ ਦੇਵੀ-ਦੇਵਤਿਆਂ, ਜਿੰਨਾਂ-ਭੂਤਾਂ, ਦਿਉਆਂ ਤੇ ਪਰੀਆਂ ਦਾ ਪ੍ਰਵੇਸ਼ ਹੁੰਦਾ ਹੈ। ਇਨ੍ਹਾਂ ਵਿਚਲੀ ਕਹਾਣੀ ਪੂਰਵ-ਇਤਿਹਾਸ ਨਾਲ਼ ਸੰਬੰਧਤ ਵਾਪਰੀ ਵੀ ਹੋ ਸਕਦੀ ਹੈ ਅਤੇ ਸਮੇਂ ਨਾਲ਼ ਬਹੁਤ ਕੁਝ ਮਿਥਿਆ ਗਿਆ ਵੀ ਹੋ ਸਕਦਾ। ਆਮ ਕਰਕੇ ਮਿੱਥ-ਕਥਾ ਕਿਸੇ ਦੇਵ-ਪੁਰਸ਼ ਨਾਲ਼ ਜੁੜੀ ਹੁੰਦੀ ਹੈ। ਇਨ੍ਹਾਂ ਦੇ ਵੇਰਵਿਆਂ ਵਿੱਚ ਸੰਬੰਧਤ ਜਾਤੀ ਦੀਆਂ ਰਹੁ-ਰੀਤਾਂ, ਸੰਸਕਾਰਾਂ ਤੇ ਧਾਰਮਿਕ ਸੰਸਥਾਵਾਂ ਦਾ ਵਰਣਨ ਹੁੰਦਾ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਦੀ ਗਿਆਰ੍ਹਵੀਂ ਜਮਾਤ ਦੀ ਲਾਜ਼ਮੀ ਪੰਜਾਬੀ ਪਾਠ-ਪੁਸਤਕ ਵਿੱਚ ਮਿੱਥ ਕਥਾਵਾਂ ਸ਼ਾਮਲ ਹਨ ਜਿਵੇਂ:- ਪ੍ਰਹਿਲਾਦ ਭਗਤ, ਨਲ਼ ਅਤੇ ਦਮਿਅੰਤੀ।

ਵਿਦਿਆਰਥੀ ਇਸ ਸ਼ਬਦ ਦੀ ਵਰਤੋਂ ਕਰਕੇ ਤਿੰਨ ਵਾਕ ਆਪਣੀ ਕਾਪੀ ਵਿੱਚ ਲਿਖਣ।

ਡਾ: ਸਤਿੰਦਰਜੀਤ ਕੌਰ ਬੁੱਟਰ ਲੈਕਚਰਾਰ ਪੰਜਾਬੀ ਸ: ਕੰਨਿਆ ਸੀ: ਸੈ: ਸ: ਸ: ਕੈਂਪ ਬਟਾਲਾ (ਗੁਰਦਾਸਪੁਰ)
ਗੁਰਪਾਲ ਸਿੰਘ ਬਿਲਾਵਲ ਡੀ.ਐੱਮ. ਪੰਜਾਬੀ ਸ.ਹ.ਸ. ਸੰਘੇੜਾ (ਬਰਨਾਲ਼ਾ)

**ਸਕੂਲ ਸਿੱਖਿਆ ਵਿਭਾਗ, ਪੰਜਾਬ**

# ਚਾਂਦਨੀ ਚੌਕ

ਪ੍ਰੋਫੈਸਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)

ਚੌਕ ਵਿਚੋਂ ਚਾਂਨਣੀ ਦੀ ਕਿਰਨ ਹੈ ਇਕ ਆ ਰਹੀ।

ਸਹਿਮੀ ਹੋਈ ਮਨੁੱਖਤਾ ਨੂੰ ਰਾਹ ਹੈ ਦਰਸਾ ਰਹੀ।

ਇਤਿਹਾਸ ਦੇ ਉਸ ਦੌਰ ਵਿਚ ਜਦ, ਧਰਮ ਤੇ ਭੀੜਾ ਬਣੀ,
ਵਹਿਸ਼ਤ ਜਦੋਂ ਇਨਸਾਨੀਅਤ ਲਈ ਜਿਗਰ ਦੀ ਪੀੜਾ ਬਣੀ।

ਨਾ ਵੈਦ ਕੋਈ ਰਿਹਾ ਇਸ ਨਾਮੁਰਾਦ ਰੋਗ ਦਾ,

ਓਦੋਂ ਲਿਆਇਆ ਮਰਦ ਇਕ ਨਾਮ ਦਾਰੂ ਦੀ ਕਣੀ।
ਉਹ ਕਣੀ ਜਿਹੜੀ ਮੁਰਦਿਆਂ ਰੂਹਾਂ 'ਚ ਜ਼ਿੰਦਗੀ ਪਾ ਰਹੀ।

ਉਸ ਮਰਦ ਦੀ ਜੁਰੱਅਤ ਨੂੰ ਪਹਿਲਾਂ ਜ਼ੁਲਮ ਨੇ ਵੰਗਾਰਿਆ,

ਉਹ ਫ਼ਿਰ ਵੀ ਜਦ ਅਹਿਲ ਰਿਹਾ, ਤਾਂ ਮੌਤ ਨੇ ਲਲਕਾਰਿਆ।

ਉਹ ਮੁਸਕੁਰਾਇਆ ਪਿਤਾ ਤਕ, ਦੋਹਾਂ ਦੀ ਬਾਲਕ ਅੜੀ ਨੂੰ,

ਨਿੱਜ ਸੀਸ ਦਾ ਦੇਕੇ ਖਿਡੌਣਾ ਉਸ ਕਾਲ ਤਾਂਈ ਟਾਲਿਆ।

ਇਸ ਬੇਮਿਸਾਲ ਦਯਾ ਤੇ, ਵਹਿਸ਼ਤ ਵੀ ਹੈ ਲੱਜਿਆ ਰਹੀ। ਜ਼ੁਲਮ ਦੀ ਤਲਵਾਰ ਉਸਦੇ, ਲਹੂ ਵਿਚ ਜਦ ਹੋਈ ਲਾਲ।

ਫ਼ੈਲਿਆ ਗਗਨਾ ਤੇ ਧਰਮਾ ਵਾਲੜਾ ਸੂਹਾ ਗੁਲਾਲ।

ਮੁਰਝਾਏ ਚਿਹਰੇ ਟਹਿਕ ਪਏ, ਬੇਹਿੰਮਤੀ ਹਿੰਮਤ ਬਣੀ।

ਫ਼ਿਰ ਅਣਖ ਸੁੱਤੀ ਜਾਗ ਪਈ ਤੇ ਧੜਕਣਾ ਬਣੀਆਂ ਭੂਚਾਲ।

ਓਸੇ ਸਮੇ ਦੀ ਇਕ ਹਨੇਰੀ, ਜੁੱਗ ਨਵੇਂ ਪਲਟਾ ਰਹੀ।

ਧਰਮਾ ਦੇ ਵਿਹੜੇ ਅਜ ਵੀ ਜਨੂੰਨੀ ਭੀੜਾਂ ਜੁੜਦੀਆਂ।

ਅੱਸਬ ਤੇ ਕੱਟੜਵਾਦ ਵਲ ਜਦੋਂ ਕੌਮਾਂ ਮੁੜਦੀਆਂ।

ਉਸ ਚਾਂਦਨੀ ਚੌਕ ਤੋਂ ਚੜ੍ਹਦਾ ਹੈ ਸੂਰਜ ਸੱਚ ਦਾ।

ਉਸਦੇ ਸੱਚ ਦੇ ਪ੍ਰਕਾਸ਼ ਵਿਚ ਹਨੇਰੀਆਂ ਸਭ ਰੁੜ੍ਹਦੀਆਂ।

ਸੀਸ ਦੇਕੇ ਸਿਰੜ ਦੀ ਰੱਖਿਆ ਹੈ ਹੁੰਦੀ ਆ ਰਹੀ।

ਚੌਕ ਵਿਚੋਂ ਚਾਂਦਨੀ ਦੀ, ਕਿਰਨ ਹੈ ਇਕ ਆ ਰਹੀ ।

ਸਹਿਮੀ ਹੋਈ ਮਨੁੱਖਤਾ ਨੂੰ ਰਾਹ ਹੈ ਦਰਸਾ ਰਹੀ।

## ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

**Prof. Dr. Jai Rup Singh, a Ph.D. from AIIMS, Delhi, was VC- Guru Nanak Dev University and founder VC of the Central University of Punjab. He is amongst pioneers of human genetics in India. Presently, Honorary Professor of Panjab University and member of Chandigarh UT Committee on Higher Education. Was member of Punjab CM's Advisory Committee on Higher Education. Was President of Indian Society of Human Genetics; Chairman of Indian Genetic Alliance for Prevention of Genetic Disorders & Care of the Families; VP of International Genetic Alliance and World Eye Foundation; Scientific Advisor of GENDIA International Foundation, USA; Fellow of International and Punjab Medical Sciences Academies and a recipient of the Czech Mendel Medal, Jaswant Singh Rai Memorial, Punjab Government and many other Awards. Has published 4 books, 11 manuals and over 100 papers and delivered over 60 invitee talks in 12 countries. and is a Visiting Professor at European and South American Universities.**

**ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ ਦੇ** ਲੇਖ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੇ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਵਾਰ ਸਨਮਾਨ ਮਿਲੇ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। **(gurdish.grewal@gmail.com)**

**ਡਾ. ਕਾਬਲ ਸਿੰਘ**, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਕਈ ਵਿਭਾਗਾਂ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ। **( singhkabal285@gmail.com)**

**ਪ੍ਰੋਫੈਸਰ ਮਨਿੰਦਰ ਸਿੰਘ,** ਐਮ.ਏ, ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹਿ ਚੁਕੇ ਹਨ। ਉਨ੍ਹਾਂ ਨੇ ਪੂਰਬੀ ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਲਗਰੀ ਅਤੇ ਐਡਮਿੰਟਨ (ਕੈਨੇਡਾ) ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ, ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਵੀ ਕੀਤਾ ਹੈ। **(Web: http://www.mypanorama.ca.)**

**ਸਰਦਾਰ ਗੁਰਜੰਤ ਸਿੰਘ ਬਰਨਾਲਾ**, ਐਮ. ਏ. (ਅਰਥ ਸਾਸ਼ਤਰ), ਐਮ.ਬੀ.ਏ (ਐਚ. ਆਰ) ਕਰ ਕੇ ਮਾਰਕਿਟ ਕਮੇਟੀ ਬਰਨਾਲਾ ਵਿਖੇ ਲੇਖਾਕਾਰ ਰਹੇ। ਸੇਵਾ ਮੁਕਤ ਹੋ ਕੇ ਤਿੰਨ ਪੁਸਤਕਾਂ ਲਿਖੀਆਂ : ਜ਼ਫ਼ਰਨਾਮਾ ਸਟੀਕ ਤੇ ਪੰਜਾਬੀ ਕਾਵਿ-ਰੂਪ, ਰੱਬੀ ਰਮਜ਼ਾਂ ਅਤੇ ਇਸ਼ਕ ਬੰਦਗੀ ਹੈ (ਕਿੱਸਾ ਰਾਂਝਾ-ਹੀਰ)।ਫੋਨ +91 98153 77100.

**ਡਾ. ਹਰਸ਼ਿੰਦਰ ਕੌਰ** ਐੱਮ.ਡੀ. ਹਨ। ਲੈਕਚਰ ਦੇ ਕੇ ਜਾਗਰੂਪਤਾ ਲਿਆ ਰਹੇ ਹਨ। ਅਨਾਥ 415 ਲੜਕੀਆਂ ਨੂੰ ਮੁਫਤ ਸਿੱਖਿਆ ਦੇ ਰਹੇ ਹਨ, 41 ਸਨਮਾਨਿਤ ਕਿਤਾਬਾਂ ਅਤੇ ਕਈ ਲੇਖ ਲਿਖੇ ਹਨ। ਚੋਟੀ ਦੀਆਂ ਭਾਰਤੀ ਮਹਿਲਾਵਾਂ ਵਿਚ ਰਾਸ਼ਟਰਪਤੀ ਦੁਆਰਾ ਸਨਮਾਨ, ਪੰਜਾਬ ਤੋਂ ਪੁਰਸਕਾਰ ਅਤੇ ਸਿੱਖ ਰੋਲ ਮਾਡਲਾਂ ਵਿੱਚੋਂ ਹਨ। ਸੰਯੁਕਤ ਰਾਸ਼ਟਰ ਮੀਡੀਆ, 'ਵੂਮੈਨ ਰਾਈਟਸ ਐਕਟੀਵਿਸਟ' ਅਵਾਰਡ' ਅਤੇ ਰੋਟਰੀ ਵੋਕੇਸ਼ਨਲ ਅਵਾਰਡ, ਕੈਨੇਡਾ, ਕੈਲੀਫੋਰਨੀਆ ਦੀਆਂ ਸੰਸਦਾਂ ਵਿੱਚ ਅਵਾਰਡ' ਪ੍ਰਾਪਤ ਕੀਤੇ। ਕਈ ਟੀ. ਵੀ. ਦੁਆਰਾ ਉਨ੍ਹਾਂ ਦੇ ਕੰਮ 'ਤੇ ਅਧਾਰਿਤ ਫਿਲਮਾਂ ਬਣਾਈਆਂ ਗਈਆਂ ਹਨ।

**ਸਰਦਾਰ ਕਰਮਜੀਤ ਸਿੰਘ ਨੂਰ** ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚੋਂ ਐਕਸੀਅਨ ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ ਸ੍ਰਿੰਗ ਕਵੀ ਸਭਾ ਵਲੋਂ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿਤਾ ਗਿਆ। ਰੇਡੀਓ ਅਤੇ ਦੂਰਦਰਸ਼ਨ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ। **(ksnoor50@gmail.com. )**

**ਡਾ. ਡੀ.ਪੀ.ਸਿੰਘ,** ਭੌਤਿਕ ਵਿਗਿਆਨੀ, ਅਧਿਆਪਕ, ਅਤੇ ਪ੍ਰਸਿੱਧ ਲੇਖਕ ਹਨ, ਜਿਨ੍ਹਾਂ ਨੇ ਵਾਤਾਵਰਣ, ਸਮਾਜਿਕ ਸਮੱਸਿਆਵਾਂ ਅਤੇ ਸਿੱਖ ਅਧਿਆਤਮਿਕਤਾ ਉੱਤੇ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਲਿਖਿਆ ਹੈ। ਉਨ੍ਹਾਂ ਨੇ 24 ਕਿਤਾਬਾਂ, ਸੈਂਕੜੇ ਲੇਖ ਤੇ ਕਹਾਣੀਆਂ, 26 ਕਿਤਾਬਾਂ ਦੇ ਅਧਿਆਏ, ਅਤੇ 25 ਕਿਤਾਬਾਂ ਦੀਆਂ ਸਮੀਖਿਆਵਾਂ ਪ੍ਰਕਾਸ਼ਿਤ ਕੀਤੀਆਂ ਹਨ। ਉਹ ਮਿਸੀਸਾਗਾ (ਓਨਟਾਰੀਓ) ਵਿਖੇ ਸੈਂਟਰ ਫਾਰ ਅੰਡਰਸਟੈਂਡਿੰਗ ਸਿੱਖਇਜ਼ਮ ਦੇ ਆਨਰੇਰੀ ਡਾਇਰੈਕਟਰ ਹਨ।

**ਸਰਦਾਰ ਜਸਵਿੰਦਰ ਸਿੰਘ ਰੂਪਾਲ**, ਐਮ. ਏ. (ਪੰਜਾਬੀ, ਅੰਗਰੇਜ਼ੀ, ਅਰਥ-ਸ਼ਾਸਤਰ, ਮਨੋ-ਵਿਗਿਆਨ ਅਤੇ ਪੱਤਰਕਾਰੀ ਵਿਚ) ਅਤੇ ਬੀ. ਐਡ. ਕਰ ਕੇ ਲੈਕਚਰਾਰ ਲਗੇ ਹੋਏ ਹਨ। ਗ਼ਜ਼ਲ, ਕਵਿਤਾ, ਛੰਦ ਬੰਦੀ ਕਾਵਿ, ਹਾਇਕੂ, ਕਹਾਣੀ, ਲੇਖ ਅਤੇ ਆਲੋਚਨਾ ਵਿਚ ਰੁਚੀ ਰੱਖਦੇ ਹਨ। ਸਾਹਿਤਕ ਅਤੇ ਵਿਗਿਆਨਕ ਵਿਸ਼ਿਆਂ ਤੇ 30 ਦੇ ਕਰੀਬ ਸਾਂਝੀਆਂ ਪੁਸਤਕਾਂ ਵਿੱਚ ਰਚਨਾਵਾਂ ਛਪੀਆਂ ਹਨ। ਦੇਸ਼ ਵਿਦੇਸ਼ ਦੇ ਅਖਬਾਰਾਂ ਅਤੇ ਮੈਗਜ਼ੀਨਾਂ ਵਿੱਚ ਲਿਖਤਾਂ ਛਾਪਦੇ ਆ ਰਹੇ ਹਨ। ਪੰਜਾਬੀ-ਸਾਂਝ (ਜਰਮਨ) ਦੇ ਸਹਿ-ਸੰਪਾਦਕ ਹਨ। ਫੋਨ 91 9814715796 **(E-mail: rupaljs@gmail.com).**

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਵਿਰਾਸਤ ਸੰਬੰਧਤ ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲਿਖਤਾਂ, ਸਮੀਖਿਆ ਕਰਕੇ ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ ਅਨਮੋਲ ਲਿਪੀ ਵਿਚ ਜਾਂ **Times New Roman** (14 ਫੌਂਟ) ਵਿਚ ਹੋਵੇ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਹੋਵੇ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
6. ਲੇਖਕ ਆਪਣਾ ਨਾਮ, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ, ਈ-ਮੇਲ, ਵੱਟਸਐਪ ਤੇ ਸੰਖੇਪ ਜਾਣਕਾਰੀ ਦਿਓ ਜੀ।
7. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ-800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ ਜੀ।
8. ਲੰਬੇ ਲੇਖ ***sanjihivrasat.org*** ਦੇ 'ਬਲੌਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ ਦੇਖਣ ਕਿ '***Copyright Infringement***' ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ / ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿਓ ਜੀ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦਸਣਾ ਜ਼ਰੂਰੀ ਹੈ ਜੀ।

## Important Information for Authors

1. **Magazine Policy** : To Promote Punjabi Culture, History and Heritage. (Secular, Non-Political, Non-Personal Articles/Poems, after Review).
2. **Editorial Board** : Will not be responsible for views of Authors / Poets.
3. **Font size 12/14** : Panjabi-'Anmol Lipi' (English -Times New Roman)
4. **Spacing, margin** : Line-to-line 1.0, Margins One Inch on all four sides.
5. **Format -WORD** : No PDF, Photocopy, Print-screen, Snip, Office-Lens
6. **Author's Data** : Name, City (Country), A Brief (own) Introduction, Give Phone, E-mail, or WhatsApp. (photo optional).
7. **Maximum Length** : Two pages (Including Photo) of 800 Laptop words.
8. **Longer Articles** : On BLOG Website ***(sanjhivirasat.org)*** or serialized.
9. **Copy -Right (CR)** : Authors will ensure there is 'No CR' Infringement.
10. **References/Photos** : Source (Author, Title, Journal / Book, Year, Pages.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

## Editorial Board (*Sanjhi Virasat*)


| | |
|---|---|
| ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਪ੍ਰਿੰਸੀਪਲ ਮਨਮੋਹਨ ਕੌਰ | ਦਿੱਲੀ (ਭਾਰਤ |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਰਾਜਬੀਰ ਸਿੰਘ ਭੱਟੀ (ਮੁਖ ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |


### ਸ਼ਲਾਹਕਾਰ


| | |
|---|---|
| ਡਾ. ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਐਡੀਟੋਰੀਅਲ ਬੋਰਡ






ਡਾ. ਰਾਜਾ ਬਲਰਾਜ ਸਿੰਘ
ਗੁਰਦੀਸ਼ ਕੌਰ ਗਰੇਵਾਲ
ਪ੍ਰੋਫ਼ੈਸਰ ਮਨਿੰਦਰ ਸਿੰਘ
ਡਾ. ਕਾਬਲ ਸਿੰਘ






ਡਾ. ਬਲਦੇਵ ਸਿੰਘ
ਸ. ਜਗਬੀਰ ਸਿੰਘ ਕੋਹਲੀ
ਸ. ਪਰਮਜੀਤ ਸਿੰਘ
ਪ੍ਰਿੰਸੀਪਲ ਮਨਮੋਹਨ ਕੌਰ






ਸ੍ਰ. ਉਂਕਾਰ ਸਿੰਘ ਟਿਵਾਣਾ
ਡਾ. ਰਾਜਬੀਰ ਸਿੰਘ ਭੱਟੀ
ਸ. ਯੁਵਰਾਜ ਸਿੰਘ
ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ




ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖ਼ੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ